A1 Roofing & Siding Ltd.
•ROOFING •SIDING •SOFFIT •STUCCO •HARDIE •FASCIA •EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094 Harwinder 403-402-5615

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Chief Editor : Harbans Buttar

Look & Find your dream home with
MANJIT JASWAL REALTOR®
THE NAME YOU CAN TRUST FOR YOUR ALL BUYING & SELLING REAL ESTATE NEEDS
CENTURY 21 Bravo Realty
403.861.2253



Vol: 12 No: 274 Website : www.punjabiakhbaar.ca Email: editor@punjabiakhbaar.ca Friday, 22 August 2025

# ਜਿਸ ਦੀ ਕੈਂਚੀ, ਉਸ ਦੀ ਭੇਡ..!

ਚਰਨਜੀਤ ਭੁੱਲਰ

---------------------



ਭਾਈ ਜਾਨ! ਤੁਸੀਂ ਸੋਚਦੇ ਹੋਵੋਗੇ ਕਿ ਜਦੋਂ ਸਿਰਲੇਖ ਹੀ ਗ਼ਲਤ ਕੱਢ ਤਾ, ਵਿਚ ਵੀ ਇਹੋ ਅੱਗ ਸੁਆਹ ਹੋਊ। ਅੱਛਾ! ਸੱਤਾ 'ਚ ਤਾਂ ਤੁਸੀਂ 'ਬਦਲਾਅ' ਚਾਹੁੰਦੇ ਹੋ, ਸਦੀਆਂ ਪੁਰਾਣੀ ਕਹਾਵਤ 'ਚ ਨਹੀਂ। ਜਿਸ ਦੀ ਲਾਠੀ, ਉਸ ਦੀ ਮੱਝ', ਇਹ ਬੀਤੇ ਦੀ ਗੱਲ ਹੈ, ਅੱਜ ਦੇ ਸਮਿਆਂ 'ਚ ਮੱਝ ਅੱਗੇ ਬੀਨ ਵਜਾਉਣ ਦਾ ਕੀ ਫ਼ਾਇਦਾ। ਚਲੋ ਛੱਡੋ, ਨਾ ਮੱਝ ਦੀ ਗੱਲ ਕਰਦੇ ਹਾਂ, ਨਾ ਹੀ ਭੇਡ ਦੀ। ਪਹਿਲੋਂ ਤੁਹਾਡੇ ਮਨ ਦੀ ਗੱਲ ਕਰਦੇ ਹਾਂ। ਅੱਜ ਕੱਲ੍ਹ ਦੋ ਸੁਆਲ ਸੌਣ ਨਹੀਂ ਦਿੰਦੇ। ਪਹਿਲਾ ਇਹ ਕਿ ਲੈਂਡ ਪੂਲਿੰਗ ਨੀਤੀ ਕੀਹਨੇ ਬਣਾਈ, ਦੂਜਾ ਇਹ ਕਿ ਜੰਗ ਕੀਹਨੇ ਰੁਕਵਾਈ।

ਜੁਆਬ ਜਾਣਨਾ ਚਾਹੁੰਦੇ ਹੋ ਤਾਂ ਆਓ ਮਾਨਸਾ ਚੱਲਦੇ ਹਾਂ। ਸੁਣਿਐ, ਅੜੇ ਗੱਡੇ ਮਾਨਸੇ ਆਲੇ ਕੱਢਦੇ ਨੇ। ਦੱਸਦੇ ਹਨ ਕਿ ਮਾਨਸਾ ਦੇ ਟੇਸ਼ਨ 'ਤੇ ਇੱਕ ਪਾਂਧਾ ਬੈਠਦੈ, ਕੋਲ ਪਿੰਜਰੇ 'ਚ ਤੋਤਾ ਰੱਖਦਾ। ਸੌ ਰੋਗਾਂ ਦੀ ਇੱਕ ਦਵਾ। ਪਾਂਧੇ ਅੱਗੇ ਲੋਕ ਦਸ ਦਸ ਦਾ ਮੱਥਾ ਟੇਕਦੇ ਨੇ। ਪਾਂਧਾ, ਪਿੰਜਰੇ ਵਿਚਲੇ ਮਿੱਠੂ ਰਾਮ ਤੋਂ ਪਰਚੀ ਚੁਕਵਾਉਂਦੈ, ਇੰਜ ਦਿਲਾਂ ਦੀਆਂ ਬੁੱਝ ਦਿਖਾਉਂਦੈ। ਘੁੰਮਦਾ ਫਿਰਦਾ ਜੋਗਿੰਦਰ ਉਗਰਾਹਾਂ ਮਿੱਠੂ ਰਾਮ ਕੋਲ ਸੁਭਾਇਮਾਨ ਹੋ ਗਿਆ, ਅਖੇ ਮਿੱਠੂ ਰਾਮਾ! ਲੈਂਡ ਪੂਲਿੰਗ ਨੀਤੀ ਕੀਹਨੇ ਬਣਾਈ।

ਹੱਦ ਉਦੋਂ ਹੋ ਗਈ ਜਦੋਂ ਪਿੰਜਰੇ ਚੋਂ ਮਿੱਠੂ ਰਾਮ ਝੱਟ ਲੰਮੀ ਉਡਾਣ ਭਰ ਗਿਆ। ਕਿਧਰ ਛੂ ਮੰਤਰ ਹੋ ਗਿਆ, ਪਾਂਧੇ ਦੇ ਭਾਅ' ਦੀ ਬਣ ਗਈ। ਜੋਗਿੰਦਰ ਉਗਰਾਹਾਂ ਦਾ ਫ਼ੋਨ ਵੱਜਿਆ। ਅੱਗਿਓਂ ਦਿੱਲੀ ਤੋਂ ਰਾਕੇਸ਼ ਟਿਕੈਤ ਬੋਲ ਰਿਹਾ ਸੀ। ਕਹਿਣ ਲੱਗਿਆ, ਜੋਗਿੰਦਰ ਭਾਈ! ਆਹ ਬੜਾ ਅਜੀਬ ਤੋਤਾ ਦੇਖਿਐ, ਝਾੜੂਆਂ ਦੇ ਢੇਰ 'ਤੇ ਬੈਠਾ, 'ਕੱਲਾ' ਕੱਲਾ ਤੀਲ੍ਹਾ ਕੱਢੀ ਜਾਂਦੈ। 'ਮਾਨਸਾ 'ਚ ਤਾਂ ਪਰਚੀ ਕੱਢਦਾ ਸੀ, ਦਿੱਲੀ 'ਚ ਤੀਲ੍ਹੇ ਕੱਢ ਰਿਹੈ' ਉਗਰਾਹਾਂ ਦੇ ਕਹਾਣੀ ਸਮਝ ਪੈ ਗਈ। ਉਗਰਾਹਾਂ ਮੁੜਨ ਲੱ ਗਿਆ ਤਾਂ ਦਿੱਲੀ ਆਲੇ ਪਾਸਿਓਂ ਤੋਤਾ ਮਾਨਸਾ 'ਚ ਲੈਂਡ ਕਰ ਰਿਹਾ ਸੀ।

ਮਾਨਸਾਹੀਏ ਦਹਿਲ ਗਏ, ਉਨ੍ਹਾਂ ਨੂੰ ਲੱਗਿਆ ਜਿਵੇਂ ਫਾਈਟਰ ਆ ਰਿਹਾ ਹੋਵੇ। ਫਾਈਟਰਾਂ ਤੋਂ ਯਾਦ ਆਇਆ ਤੁਸਾਂ ਦਾ ਦੂਜਾ ਸੁਆਲ ਕਿ ਬਈ! ਜੰਗ ਕੀਹਨੇ ਰੁਕਵਾਈ। ਮਾਨਸਾ ਆਲੇ ਮਿੱਠੂ ਕਬਾੜੀਏ ਨੂੰ ਤਾਂ ਕੋਈ ਨੀ ਭੁੱਲਿਆ। ਮਿੱਠੂ ਕਬਾੜੀਆਂ ਉਦੋਂ ਮਹਿਮਾ ਖੱਟ ਗਿਆ ਸੀ ਜਦੋਂ ਉਹ ਜਹਾਜ਼ ਵੀ ਕਬਾੜ 'ਚ ਖ਼ਰੀਦ ਲਿਆਇਆ ਸੀ। ਮਿੱਠੂ ਕਬਾੜੀਏ ਨੂੰ ਪੁੱਛ ਲੈਂਦੇ ਹਾਂ ਕਿ ਪਿਆਰੇ ਮਿੱਠੂ, ਜੰਗ ਦੇ ਦਿਨਾਂ 'ਚ ਗੁਆਂਢੀਆਂ ਦਾ ਕੋਈ ਜਹਾਜ਼ ਤਾਂ ਤੇਰੇ ਕਬਾੜ 'ਚ ਨਹੀਂ ਆਇਆ।

ਜਿੱਦਾਂ ਦਾ ਟਰੰਪ ਦਾ ਹਸਮੁਖ ਸੁਭਾਅ ਹੈ, ਉਸ ਨੇ ਜ਼ਰੂਰ ਮਿੱਠੂ ਕਬਾੜੀਏ ਨੂੰ ਕੰਨ 'ਚ ਦੱਸਿਆ ਹੋਊ ਕਿ 'ਦਾਸ ਨੂੰ ਗਲੋਬਲੀ ਵਿਚੋਲਾ ਆਖਦੇ ਨੇ, ਡਾਂਗ ਨਾਲ ਘਰ ਵਸਾਈਦਾ'। ਡਾਂਗ ਤੋਂ ਯਾਦ ਆਇਆ ਕਿ ਜਦ ਸੱਪ ਘਰ 'ਚ ਵੜਿਆ ਹੋਵੇਗਾ ਤਾਂ ਬਾਹਰ ਨਹੀਂ ਭੱਜੀਦਾ। ਖੱਲ ਖੂੰਜੇ 'ਚ ਪਈ ਡਾਂਗ ਲੱਭੋ, ਫਿਰ ਇੰਜ ਇਸਤੇਮਾਲ ਕਰੋ ਕਿ ਸੱਪ ਵੀ ਮਰ ਜਾਏ ਤੇ ਲਾਠੀ ਵੀ ਬਚ ਜਾਏ। ਲੋਕ ਰਾਜ ਦੀ ਇਹੋ ਤਾਂ ਖ਼ੂਬਸੂਰਤੀ ਹੈ।

ਖ਼ੈਰ, ਉੱਪਰਲੇ ਦੋਵੇਂ ਸੁਆਲਾਂ 'ਤੇ ਬਹੁਤ ਬੌਂ ਬੌਂ ਹੋਈ ਹੈ। ਮੁਆਫ਼ ਕਰਨਾ, ਬੌਂ ਬੌਂ ਤੋਂ ਮੁੜ ਭੇਡਾਂ ਅੱਖਾਂ ਅੱਗੇ ਘੁੰਮੀਆਂ ਨੇ, ਹੈ ਵੀ ਰੰਗ ਬਰੰਗੀਆਂ। ਮੌਸਮ ਬਦਲਦੇ ਹੀ ਨਵੇਂ ਵਾੜੇ 'ਚ ਤਸ਼ਰੀਫ਼ ਲਿਆਉਂਦੀਆਂ ਨੇ। ਵਾੜੇ ਚਾਹੇ ਲੱਖ ਬਦਲ ਲੈਣ, ਉੱਨ ਤਾਂ ਉਹੀ ਲਾਹੂ, ਜੀਹਦੇ ਕੋਲ ਵੱਡਾ ਕੈਂਚੀ ਭੰਡਾਰ ਹੋਊ। ਜੇ ਗੱਲ ਹਾਲੇ ਵੀ ਗੇੜ 'ਚ ਨਹੀਂ ਆ ਰਹੀ ਤਾਂ ਅਚਾਰੀਆ ਰਜਨੀਸ਼ ਦੇ ਚਰਨੀ ਲੱਗਦੇ ਹਾਂ। ਅਚਾਰੀਆ ਜੀ ਤੋਂ ਪਹਿਲਾਂ ਕਹਾਣੀ ਸੁਣੋ। ਇੱਕ ਜਾਦੂਗਰ ਭੇਡਾਂ ਪਾਲਣ ਦਾ ਸ਼ੌਕੀਨ ਸੀ, ਨਾਲੇ ਭੇਡਾਂ ਖਾਣ ਦਾ ਵੀ। ਜਦੋਂ ਇੱਕ ਭੇਡ ਕੱਟਦਾ, ਦੂਜੀਆਂ ਭੱਜ ਜਾਂਦੀਆਂ। ਹੱਲ ਲਈ ਜਾਦੂਗਰ ਨੇ ਇੱਕ ਤਰਕੀਬ ਖ਼ੋਜੀ। ਸਭ ਭੇਡਾਂ ਨੂੰ ਸੰਮੋਹਿਤ ਕਰਕੇ ਸਮਝਾ ਦਿੱਤਾ ਕਿ ਤੁਸੀਂ ਭੇਡਾਂ ਨਹੀਂ ਹੋ। ਜੋ ਕੱਟੀਆਂ ਜਾਂਦੀਆਂ ਨੇ, ਉਹ ਭੇਡਾਂ ਹਨ, ਬਾਕੀ ਤੁਸੀਂ ਤਾਂ ਸ਼ੇਰ ਹੋ, ਚੀਤੇ ਹੋ ਤੇ ਇਨਸਾਨ ਵੀ। ਸੰਮੋਹਿਤ ਭੇਡਾਂ ਨੇ ਮੰਨ ਲਿਆ, ਜਾਦੂਗਰ ਦਾ ਕੰਮ ਸੌਖਾ ਹੋ ਗਿਆ। ਜਦੋਂ ਇੱਕ ਭੇਡ ਕੱਟੀ ਜਾ ਰਹੀ ਹੁੰਦੀ ਤਾਂ ਦੂਜੀਆਂ ਭੇਡਾਂ ਚਾਂਬੜਾਂ ਪਾਉਂਦੀਆਂ ਕਿ ਵਿਚਾਰੀ ਭੇਡ ਐ, ਜੋ ਕੱਟੀ ਜਾ ਰਹੀ ਹੈ, ਅਸੀਂ ਤਾਂ ਸ਼ੇਰ ਹਾਂ, ਸਾਨੂੰ ਕੌਣ ਹੱਥ ਪਾਊ। ਜੋ ਭੇਡ ਕੱਟੀ ਜਾ ਰਹੀ ਹੁੰਦੀ ਸੀ, ਉਹੋ ਵੀ ਕੱਲ੍ਹ ਤੱਕ ਇਹੋ ਸੋਚ ਰਹੀ ਹੁੰਦੀ ਸੀ ਕਿ ਮੈਂ ਤਾਂ ਸ਼ੇਰ ਹਾਂ, ਚੀਤਾ ਹਾਂ, ਮੇਰੇ ਕੌਣ ਨੇੜੇ ਲੱਗੂ। ਸੋ ਮਾਈ-ਭਾਈ ਏਨਾ ਕੁ ਖ਼ਿਆਲ ਰੱਖਣਾ, ਪੰਜਾਬ ਨੂੰ ਜੋਕ ਨਹੀਂ ਲੱਗਣ ਦੇਣੀ। 'ਦੋ ਧੜਿਆਂ 'ਚ ਖ਼ਲਕਤ ਵੰਡੀ, ਇੱਕ ਲੋਕਾਂ ਦਾ ਇੱਕ ਜੋਕਾਂ ਦਾ'। ਧਨੀ ਰਾਮ ਚਾਤ੍ਰਿਕ ਐਵੇਂ ਨੀ ਕਹਿ ਗਿਆ, 'ਪੰਜਾਬ ਕਰਾਂ ਕੀ ਸਿਫ਼ਤ ਤੇਰੀ।' ਧਨੀ ਰਾਮ ਜਾਣੀ ਜਾਣ ਸੀ ਕਿ ਪੰਜਾਬੀ ਹੱਥਾਂ 'ਤੇ ਸਰ੍ਹੋਂ ਵੀ ਜਮਾਉਂਦੇ ਨੇ, ਨਾਲੇ ਤੇਲ ਦੀ ਕੱਢਦੇ ਨੇ। ਜਦੋਂ ਪੰਜਾਬ ਕੁਤਬ ਮੀਨਾਰ ਬਣਦੈ ਤਾਂ ਨੇਤਾ ਜਣਾਂ ਨੂੰ ਚੋਣਾਂ ਮੌਕੇ ਪੀਸਾ ਦੇ ਮੀਨਾਰ ਵਾਂਗੂ ਝੁਕਣਾ ਪੈਂਦੈ। ਜਿਨ੍ਹਾਂ ਨੇ ਪੰਜਾਬ ਦਾ ਹਾਲ ਪੈਂਚਰਾਂ ਆਲੀ ਟਿਊਬ ਵਰਗਾ ਕੀਤੈ, ਉਹ ਆਪਣਾ ਤੇ ਆਪਣੇ ਸਿਆਸੀ ਵਾੜੇ ਦਾ ਖ਼ਿਆਲ ਜ਼ਰੂਰ ਰੱਖਣ। ਬਿਨਾਂ ਮੰਗੀ ਸਲਾਹ ਹੈ..।

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ।
ਪੰਜਾਬੀ ਵਿੱਚ ਗੱਲਬਾਤ ਕਰਨ ਲਈ
ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਸੰਪਰਕ ਕਰੋ
Harman Buttar, BA, CIRP, LIT, Managing Partner harmanb@bnadebtsolutions.ca
Simmie Pandher Senior Administrator Simmiep@bnadebtsolutions.ca
• Licensed Insolvency Trustees • Proposal Administrators
BNA Debt Solutions
P: 403-232-6220
F: 403-232-6262
#150, 703-64th Ave. SE
Calgary, AB T2H 2C3
www.bnadebtsolutions.ca

PANGEA IMMIGRATION
ਕਨੇਡਾ ਪੱਕੇ ਹੋਣ ਦਾ ਰਾਹ, ਪੈਨਜੀਆ ਇਮੀਗ੍ਰੇਸ਼ਨ ਵਾਲਿਆਂ ਦੀ ਸਲਾਹ
Contact Us For All Your Immigration Needs
RCIC-IRB Regulated Canadian Immigration Consultant
• Student Visa • Work permit • Visitor Visa • LMIA • PR Application
• Refugee Cases and Appeals • PNP Family Sponsorship • Citizenship • Nanny Caregiver • USA Visa
Raman Dhaliwal (RCIC-IRB)
Commissioner for oaths in and for Alberta
Member of CAPIC
Cell: +1 403-672-1313
Office: +1 403-401-5911
Email: info@pangeaimmigration.ca
Website: www.pangeaimmigration.ca
Green Plaza Unit 232, 4818 Westwinds Dr NE Calgary AB T3J 3Z5

Narmaan Sidhu
Mortgage Expert
License # 510430
ਘਰ ਦੀ ਮਾਰਗੇਜ ਦਾ ਹੱਲ! ਨਰਮਾਣ ਸਿੱਧੂ ਕੋਲ ਚੱਲ
Alberta & Saskatchewan
403.818.0140
narmaan.sidhu@dominionlending.ca
www.NarmaanSidhu.com
THE MORTGAGE FIRM



ਆਪਣੇ ਫੋਨ ਵਿੱਚ ਪੰਜਾਬੀ ਅਖ਼ਬਾਰ ਦੀ ਐਪ ਫਰੀ ਡਾਊਨ ਲੋਡ ਕਰੋ
App Store
Play Store

AERO SIGN & PRINT INC.
RELIABLE AND AFFORDABLE
www.aerosign.ca
WHOLESALE CHANNEL LETTERS, LAWN SIGNS & PRINTING
403.764.7000
Email: sales@aerosign.ca 4852 50 Ave NE, Calgary, AB T3J 4L8

Cityscape Family Dental
Dr. Rashmi Bajaj & Associates
403 226 2121
Serving Individuals, Families & Communities Since 2016

SAHIL MITTU
Director
Affinity CABINETS
• Closets • Wet Bars • Book Shelving • Cabinetry
+1 548 400 0001
www.affinitycabinets.ca
info@affinitycabinets.ca
Unit - H, 2121 39 Avenue NE, Calgary AB - T2E 6R7
ਘਰ ਦੀ ਦਿੱਖ ਵੁੱਡ ਵਰਕ ਵਿੱਚੋਂ ਹੀ ਬੋਲਦੀ ਹੈ
ਨਵੇਂ ਜਾਂ ਪੁਰਾਣੇ ਘਰਾਂ ਵਿੱਚ ਕਿਚਨ ਕੈਬਿਨਟ, ਵੈੱਟਬਾਰ, ਬੁੱਕ ਸ਼ੈਲਫ ਆਦਿ ਦਾ ਸ਼ਾਨਦਾਰ ਅਤੇ ਵਾਜਿਬ ਕੀਮਤ ਉੱਪਰ ਕੰਮ ਕਰਵਾਉਣ ਲਈ ਸੰਪਰਕ ਕਰੋ




CARPET EMPIRE
Calgary Carpet Empire
SALE
CARPET, HARDWOOD, LAMINATE, TILES, VINYL PLANKS, CARPET TILES & LINO
Carpet Starting at $1.99 Sf (Burber material with installation)
FINANCING OPTIONS AVAILABLE
Special Discount Over 2000 Sf
Kam: 403 991 0074
Office: 403 510 1515
2935 19 St NE Calgary(AB) T2E7A2
sales@carpetempire.ca www.carpetempire.ca

SHORY LAW LLP
• IMMIGRATION • BUSINESS • CRIMINAL • REAL ESTATE
www.shorylaw.com (403) 216-1199
220 - 4851 Westwinds Dr. N.E., Calgary
@shorylaw
Chetan Shory Sarvesh Jeet Devinder Shory Jatin Shory



COPPERSTONE
AT COPPERFIELD

ਗਰਮੀਆਂ ਦੀ ਬੱਚਤ ਈਵੈਂਟ ਹੁਣ ਚਾਲੂ ਹੈ
$20,000 ਤੱਕ ਦੀ ਬੱਚਤ



ਬੇਮਿਸਾਲ ਅੰਦਰੂਨੀ ਦਿੱਖ





**ਆਪਣੇ ਸੁਪਨਿਆਂ ਦਾ ਘਰ ਸਕੂਲ, ਰੋਜਾਨਾ ਜ਼ਿੰਦਗੀ ਅਤੇ ਆਪਣਾ ਭਾਈਚਾਰਾ ਬਦਲਣ ਤੋਂ ਬਿਨਾਂ ਹੀ ਲੱਭੋ!**

ਤੁਸੀਂ ਆਪਣੇ ਆਂਢ-ਗੁਆਂਢ ਨੂੰ ਪਿਆਰ ਕਰਦੇ ਹੋ। ਸਕੂਲ ਬਹੁਤ ਵਧੀਆ ਹਨ, ਤੁਹਾਡੇ ਗੁਆਂਢੀ ਦੋਸਤ ਹਨ, ਅਤੇ ਤੁਹਾਡੀ ਰੋਜ਼ਾਨਾ ਜ਼ਿੰਦਗੀ ਕੰਮ ਦੀ ਤਰਾਂ ਲੰਘ ਰਹੀ ਹੈ। ਪਰ ਤੁਹਾਡਾ ਮੌਜੂਦਾ ਘਰ? ਇਹ ਥੋੜ੍ਹਾ ਤੰਗ ਮਹਿਸੂਸ ਹੋਣ ਲੱਗਾ ਹੈ।

ਹੁਣ ਤੁਸੀਂ ਆਪਣੇ ਮੌਜੂਦਾ ਆਂਢ-ਗੁਆਂਢ ਤੋਂ ਬਾਹਰ ਜਾਣ ਤੋਂ ਬਿਨਾਂ ਹੀ ਮੂਵ ਅੱਪ ਹੋ ਸਕਦੇ ਹੋ।



**Luxury Single Family Homes
From The High $600's**

3 ਜਾਂ 4 ਬੈੱਡਰੂਮ+ਬੋਨਸ ਰੂਮ+ਆਫਿਸ, 3 ਬਾਥਰੂਮ
2,068 ਤੋਂ 2,724 ਵਰਗ ਫੁੱਟ ਮੇਨ ਲਿਵਿੰਗ ਏਰੀਆ
ਕਾਨੂੰਨੀ ਆਮਦਨ ਸੂਟ ਵਿਕਲਪਾਂ ਦੇ ਨਾਲ
ਫਰੰਟ ਅਟੈਚਡ ਡਬਲ ਗੈਰਾਜ

- ਹਰੇ ਭਰੇ ਰਸਤੇ 'ਤੇ ਪਿੱਛੇ
- ਸਪਾ-ਪ੍ਰੇਰਿਤ ਐਨਸੂਇਟ ਦੇ ਨਾਲ ਪ੍ਰਾਇਮਰੀ ਬੈੱਡਰੂਮ ਵਿੱਚ ਵਾਲਟਡ ਛੱਤ
- ਸੈਕੰਡਰੀ ਬੈੱਡਰੂਮਾਂ ਲਈ ਵਿਕਲਪਿਕ ਪ੍ਰਾਈਵੇਟ ਐਨਸੂਇਟ
- ਗ੍ਰੈਂਡ ਫੋਅਰ, ਵਾਕ-ਇਨ ਪੈਂਟਰੀ, ਅਤੇ ਵੱਖਰਾ ਮਡਰੂਮ
- ਬਹੁ-ਪੀੜ੍ਹੀ ਰਹਿਣ-ਸਹਿਣ ਜਾਂ ਕਿਰਾਏ ਦੀ ਆਮਦਨ ਲਈ ਆਦਰਸ਼

**TOUR OUR SHOWHOME**
132 Copperhead Road SE.,Calgary T2Z 5H6
Tel: 587.674.3438
**COPPERSTONELIVING.COM**

Showhome now open:
Monday - Wednesday: 2 - 8 PM
Thursday & Friday: Closed
Saturday/Sunday: 12 - 5 PM

VESTA PROPERTIES
Built by Vesta – Over 7,000 homes delivered across Alberta and BC.

ਤੁਸੀ ਆਪਣੇ ਬਿਜਨਸ ਦੀ ਐਡ ਇਸ ਥਾਂ 'ਤੇ ਲਗਵਾ ਸਕਦੇ ਹੋ



The Punjabi Newspaper

ਪੰਜਾਬੀਅਤ ਦਾ ਪਰਚਮ

ਪੰਜਾਬੀ ਅਖ਼ਬਾਰ

Punjabi Akhbaar

ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000




ਪੰਜਾਬੀ ਅਖ਼ਬਾਰ ਰੀਜਾਇਨਾ ਐਡੀਸਨ ਵਿੱਚ ਐਡਵਰਟਾਈਜ਼ਮੈਂਟ ਦੇਣ ਲਈ ਗੁਰਬਿੰਦਰ ਸਿੰਘ ਗਾਗੋਵਾਲ ਨਾਲ ਸੰਪਰਕ ਕਰੋ

1 306 520 4313

ਮੁੱਖ ਦਫਤਰ: 1 403 640 2000



Vol: 12 No: 274 Website : www.punjabiakhbaar.ca Email: editor@punjabiakhbaar.ca Friday, 22 August 2025


# ਕਨੇਡੀਅਨ ਪ੍ਰਧਾਨ ਮੰਤਰੀ ਕਨੇਡਾ ਦੇ ਕਿਸਾਨਾਂ ਨਾਲ ਨਹੀਂ ਖੜੇ-ਪੀਅਰ ਪੋਲੀਐਵ



ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੀ ਮੁੱਖ ਵਿਰੋਧੀ ਧਿਰ ਕੰਜ਼ਰਵੇਟਿਵ ਪਾਰਟੀ ਦੇ ਲੀਡਰ ਪੀਅਰ ਪੋਲੀਐਵ ਨੇ ਚੀਨ ਵੱਲੋਂ ਕੈਨੇਡਾ ਦੇ ਕਨੋਲਾ ਉੱਪਰ ਲਗਾਏ ਗਏ ਬੇਤਹਾਸ਼ਾ ਟੈਰਿਫਾਂ ਨੂੰ ਲੈ ਕੇ ਆਖਿਆ ਹੈ ਕਿ ਇਹ ਟੈਰਿਫ ਪੂਰੀ ਤਰਹਾਂ ਅਨਿਆਪੂਰਨ ਹਨ । ਉਹਨਾਂ ਸੈਸਕਾਟੂਨ ਵਿੱਚ ਕੀਤੀ ਗਈ ਪ੍ਰੈਸ ਕਾਨਫਰਸ ਦੇ ਦੌਰਾਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਉੱਪਰ ਤਿੱਖੇ ਸ਼ਬਦੀ ਹਮਲੇ ਕਰਦਿਆਂ ਆਖਿਆ ਹੈ ਕਿ ਇਸ ਮਾਮਲੇ ਵਿੱਚ ਮਾਰਕ ਕਾਰਨੀ ਪੂਰੀ ਤਰਾਂ ਚੁੱਪ ਅਤੇ ਕਮਜ਼ੋਰ ਨਜ਼ਰ ਆ ਰਹੇ ਹਨ ਅਤੇ ਉਹ ਸਾਡੇ ਕਿਸਾਨਾਂ ਦੇ ਨਾਲ ਮਜਬੂਤੀ ਨਾਲ ਖੜੇ ਨਹੀਂ ਹੋ ਸਕੇ। ਉਹਨਾਂ ਆਖਿਆ ਕਿ ਮਾਰਕਕਾਰਨੀ ਟੈਕਸ ਦਾਤਾਵਾਂ ਦੇ ਕਈ ਬਿਲੀਅਨ ਡਾਲਰ ਬੀਸੀ ਫੈਰੀਜ ਨੂੰ ਚੀਨ ਦੇ ਬਣੇ ਜਹਾਜ ਖਰੀਦਣ ਲਈ ਦੇ ਰਹੇ ਹਨ ਇਸ ਦੇ ਨਾਲ ਹੀ ਪੋਲੀਐਵ ਨੇ ਆਖਿਆ ਕਿ ਮਾਰਕਕਾਰਨੀ ਯੂਰਪ ਅਤੇ ਮੈਕਸੀਕੋ ਵਿੱਚ ਆਪਣੇ ਵਫਦ ਭੇਜਣ ਦੇ ਬਾਵਜੂਦ ਵੀ ਕੋਈ ਵਪਾਰਕ ਡੀਲ ਨਹੀਂ ਬਣਾ ਸਕੇ।

# ਆਪਣੇ ਹੀ ਘਰ ਅੱਗੇ ਗੱਡੀ ਵਿੱਚ ਬੈਠੇ ਉੱਪਰ ਗੋਲੀਬਾਰੀ ਹੋਈ



ਰੀਜਾਇਨਾ(ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਓਨਟਾਰੀਓ ਦੇ ਸ਼ਹਿਰ ਮਾਰਖਮ ਵਿੱਚ ਆਪਣੇ ਡਰਾਈਵੇ ਵਿੱਚ ਆਪਣੀ ਗੱਡੀ ਵਿੱਚ ਬੈਠੇ ਇੱਕ ਵਿਅਕਤੀ ਨੂੰ ਗੋਲੀਆਂ ਮਾਰੀਆਂ ਗਈਆਂ ਹਨ ਜਿਸ ਸਬੰਧੀ ਯੌਰਕ ਰੀਜਨਲ ਪੁਲਿਸਵੱਲੋਂ ਇੱਕ ਵੀਡੀਓ ਜਾਰੀ ਕੀਤੀ ਗਈ ਹੈ ਜਿਸ ਵਿੱਚ ਦੇਖਿਆ ਜਾ ਸਕਦਾ ਹੈ ਕਿ ਹੱਥਾਂ ਵਿੱਚ ਪਿਸਤੌਲ ਫੜੀ ਇੱਕ ਵਿਅਕਤੀ ਜਿਸ ਨੇ ਕਾਲੇ ਕੱਪੜੇ ਅਤੇ ਚਿੱਟੇ ਦਸਤਾਨੇ ਪਹਿਨੇ ਹੋਏ ਹਨ ਦੌੜਦਾ ਹੋਇਆ ਸੜਕ ਪਾਰ ਕਰਕੇ ਜਾ ਰਿਹਾ ਹੈ ਅਤੇ ਫਿਰ ਉਸ ਵੱਲੋਂ ਗੋਲੀਆਂ ਚਲਾਈਆਂ ਗਈਆਂ ਇਸ ਤੋਂ ਬਾਅਦ ਪੀੜਿਤ ਵਿਅਕਤੀ ਬਚਣ ਦੀ ਕੋਸ਼ਿਸ਼ ਵਿੱਚ ਆਪਣੀ ਗੱਡੀ ਰਿਵਰਸ ਕਰਕੇ ਉਥੋਂ ਨਿਕਲਣ ਦੀ ਕੋਸ਼ਿਸ਼ ਕਰ ਰਿਹਾ ਹੈ ਜਿਸ ਦੌਰਾਨ ਉਸ ਦੀ ਗੱਡੀ ਹਮਲਾਵਰਾਂ ਦੀ ਗੱਡੀ ਦੇ ਨਾਲ ਵੀ ਟਕਰਾਈ ਹੈ ਇਸ ਤੋਂ ਬਾਅਦ ਹਮਲਾਵਰ ਗਰੇ ਰੰਗ ਦੀ ਹੌਂਡਾ ਸੀਆਰਵੀ ਦੀ ਪਿਛਲੀ ਸੀਟ ਤੇ ਬੈਠ ਕੇ ਉਥੋਂ ਫਰਾਰ ਹੋ ਗਿਆ ਜਿਸ ਦਾ ਮਤਲਬ ਹੈ ਕਿ ਗੱਡੀ ਨੂੰ ਉਸ ਦਾ ਕੋਈ ਸਾਥੀ ਚਲਾ ਰਿਹਾ ਸੀ । ਜਦੋਂ ਪੁਲਿਸ ਅਧਿਕਾਰੀ ਮੌਕੇ ਤੇ ਪਹੁੰਚੇ ਤਾਂ ਉਹਨਾਂ ਨੂੰ ਇੱਕ ਵਿਅਕਤੀ ਗੋਲੀ ਲੱਗਣ ਕਾਰਨ ਜਖਮੀ ਹਾਲਤ ਵਿੱਚ ਮਿਲਿਆ ਜਿਸ ਨੂੰ ਤੁਰੰਤ ਹਸਪਤਾਲ ਪਹੁੰਚਾਇਆ ਗਿਆ ਜਿੱਥੇ ਉਸਦੀ ਜਾਨ ਨੂੰ ਕੋਈ ਖਤਰਾ ਨਹੀਂ ਹੈ। ਪੁਲਿਸ ਵੱਲੋਂ ਹੁਣ ਲੋਕਾਂ ਕੋਲੋਂ ਸਹਿਯੋਗ ਮੰਗਿਆ ਜਾ ਰਿਹਾ ਹੈ ਕਿ ਜੇਕਰ ਕਿਸੇ ਕੋਲ ਵੀ ਕੋਈ ਜਾਣਕਾਰੀ ਹੋਵੇ ਤਾਂ ਪੁਲਿਸ ਨਾਲ ਸਾਂਝੀ ਕੀਤੀ ਜਾਵੇ।

# ਨੇਬਰਾਸਕਾ ਵਿੱਚ ਮਨੁੱਖੀ ਤਸਕਰੀ ਦੇ ਮਾਮਲੇ ਵਿੱਚ 5 ਭਾਰਤੀ ਗ੍ਰਿਫਤਾਰ



ਨੇਬਰਾਸਕਾ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕੀ ਫੈਡਰਲ ਅਧਿਕਾਰੀਆਂ ਨੇ ਨੇਬਰਾਸਕਾ ਦੇ ਕਈ ਹੋਟਲਾਂ ਵਿੱਚ ਚੱਲ ਰਹੇ ਮਨੁੱਖੀ ਤਸਕਰੀ ਦੇ ਇੱਕ ਵੱਡੇ ਰੈਕੇਟ ਦਾ ਪਰਦਾਫਾਸ਼ ਕੀਤਾ ਹੈ। ਇਸ ਮਾਮਲੇ ਵਿੱਚ ਪੰਜ ਭਾਰਤੀ ਮੂਲ ਦੇ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਉਨ੍ਹਾਂ ਤੇ ਮਨੁੱਖੀ ਤਸਕਰੀ, ਜਬਰੀ ਮਜ਼ਦੂਰੀ, ਜਿਨਸੀ ਸ਼ੋਸ਼ਣ ਅਤੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਪਨਾਹ ਦੇਣ ਦੇ ਦੋਸ਼ ਲਗਾਏ ਗਏ ਹਨ। ਇਸ ਕਾਰਵਾਈ ਦੌਰਾਨ 10 ਨਾਬਾਲਗਾਂ ਅਤੇ 17 ਬਾਲਗਾਂ ਨੂੰ ਬਚਾਇਆ ਗਿਆ, ਜਿਨ੍ਹਾਂ ਵਿੱਚੋਂ ਕੁਝ ਦੀ ਉਮਰ ਸਿਰਫ 12 ਸਾਲ ਸੀ।

ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਦੇ ਨਾਮ:

ਕੇਂਟਾਕੁਮਾਰ ਚੌਧਰੀ, ਉਰਫ ਕੇਨ ਚੌਧਰੀ, ਉਮਰ 36 ਸਾਲ, ਐਲਖੋਰਨ, ਨੇਬਰਾਸਕਾ

ਰਸ਼ਮੀ ਅਜੀਤ ਸਮਾਨੀ, ਉਰਫ ਫਾਲਗੁਨੀ ਸਮਾਨੀ, ਉਮਰ 42 ਸਾਲ, ਐਲਖੋਰਨ, ਨੇਬਰਾਸਕਾ

ਅਮਿਤ ਪ੍ਰਹਲਾਦਭਾਈ ਚੌਧਰੀ, ਉਰਫ ਅਮਿਤ, ਉਮਰ 32 ਸਾਲ,

ਓਮਾਹਾ ਅਮਿਤ ਬਾਬੂਭਾਈ ਚੌਧਰੀ, ਉਰਫ ਮੈਟ, ਉਮਰ 33 ਸਾਲ,

ਓਮਾਹਾ ਮਹੇਸ਼ਕੁਮਾਰ ਚੌਧਰੀ, ਉਰਫ ਮਹੇਸ਼, ਉਮਰ 38 ਸਾਲ,

ਨੌਰਫੋਕ, ਨੇਬਰਾਸਕਾ ਫੈਡਰਲ ਅਧਿਕਾਰੀਆਂ ਮੁਤਾਬਕ, ਇਹ ਪੰਜੇ ਜਣੇ ਓਮਾਹਾ ਮੈਟਰੋ ਖੇਤਰ ਅਤੇ ਨੇਬਰਾਸਕਾ ਵਿੱਚ ਕਈ ਹੋਟਲਾਂ ਦੇ ਮਾਲਕ, ਸੰਚਾਲਕ ਅਤੇ ਪ੍ਰਬੰਧਕ ਸਨ, ਜਿੱਥੇ ਇਹ ਗੈਰ-ਕਾਨੂੰਨੀ ਗਤੀਵਿਧੀਆਂ ਚੱਲ ਰਹੀਆਂ ਸਨ। ਫੈਡਰਲ ਜਾਂਚ ਬਿਊਰੋ (ਐਫਬੀਆਈ) ਅਤੇ ਹੋਮਲੈਂਡ ਸਕਿਓਰਿਟੀ ਨੇ 12 ਅਗਸਤ ਨੂੰ ਸਵੇਰੇ 14 ਵਪਾਰਕ ਸਥਾਨਾਂ ਅਤੇ ਦੋ ਰਿਹਾਇਸ਼ੀ ਥਾਵਾਂ 'ਤੇ ਤਲਾਸ਼ੀ ਵਾਰੰਟ ਜਾਰੀ ਕੀਤੇ। ਇਨ੍ਹਾਂ ਵਿੱਚ ਅਮੇਰਿਕਇਨ, ਨਿਊ ਵਿਕਟੋਰੀਅਨ, ਰੋਡਵੇਅ ਇਨ ਅਤੇ ਸਾਬਕਾ ਸੁਪਰ 8 (ਹੁਣ ਦਿ ਇਨ) ਵਰਗੇ ਹੋਟਲ ਸ਼ਾਮਲ ਸਨ। ਪੀੜਤਾਂ ਦੀ ਸਥਿਤੀ ਅਤੇ ਸ਼ੋਸ਼ਣ ਜਾਂਚ ਦੌਰਾਨ ਪਤਾ ਲੱਗਾ ਕਿ ਪੀੜਤਾਂ, ਜਿਨ੍ਹਾਂ ਵਿੱਚ 12 ਸਾਲ ਦੀ ਉਮਰ ਦੇ ਬੱਚੇ ਵੀ ਸ਼ਾਮਲ ਸਨ, ਨੂੰ ਘੱਟ ਜਾਂ ਬਿਲਕੁਲ ਤਨਖਾਹ ਦਿੱਤੇ ਬਿਨਾਂ ਲੰਬੇ ਸਮੇਂ ਤੱਕ ਕੰਮ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਸੀ। ਪੀੜਤਾਂ ਨੂੰ ਅਸੁਰੱਖਿਅਤ ਅਤੇ ਅਸਿਹਤਮੰਦ ਸਥਿਤੀਆਂ ਵਿੱਚ ਰਹਿਣ ਲਈ ਮਜਬੂਰ ਕੀਤਾ ਗਿਆ, ਜਿਸ ਵਿੱਚ ਕਈ ਵਾਰ ਕੀੜੇ-ਮਕੌੜਿਆਂ ਨਾਲ ਭਰੇ ਕਮਰਿਆਂ ਵਿੱਚ ਸੌਣਾ ਵੀ ਸ਼ਾਮਲ ਸੀ। ਸੰਘੀ ਅਧਿਕਾਰੀਆਂ ਨੇ ਦੱਸਿਆ ਕਿ ਇਨ੍ਹਾਂ ਹੋਟਲਾਂ ਵਿੱਚ ਜਿਨਸੀ ਤਸਕਰੀ ਅਤੇ ਨਸ਼ੀਲੇ ਪਦਾਰਥਾਂ ਦੀ ਵੰਡ ਨੂੰ ਵੀ ਉਤਸ਼ਾਹਿਤ ਕੀਤਾ ਜਾ ਰਿਹਾ ਸੀ, ਅਤੇ ਦੋਸ਼ੀਆਂ ਨੇ ਇਨ੍ਹਾਂ ਗਤੀਵਿਧੀਆਂ ਨੂੰ ਕਾਨੂੰਨ ਅਮਲਦਾਰੀ ਏਜੰਸੀਆਂ ਤੋਂ ਬਚਾਉਣ ਦੀ ਕੋਸ਼ਿਸ਼ ਕੀਤੀ। ਵੀਜ਼ਾ ਧੋਖਾਧੜੀ ਅਤੇ ਮਨੀ ਲਾਂਡਰਿੰਗ ਦੋਸ਼ਾਂ ਵਿੱਚ ਇਹ ਵੀ ਸ਼ਾਮਲ ਹੈ ਕਿ ਇੱਕ ਸ਼ੱਕੀ ਨੇ U ਵੀਜ਼ਾ (ਜੋ ਕਿ ਅਪਰਾਧ ਦੇ ਪੀੜਤਾਂ ਲਈ ਹੁੰਦਾ ਹੈ) ਪ੍ਰਾਪਤ ਕਰਨ ਲਈ 2022 ਵਿੱਚ ਇੱਕ ਨਕਲੀ ਡਕੈਤੀ ਦੀ ਸਾਜ਼ਿਸ਼ ਰਚੀ। ਇਸ ਤੋਂ ਇਲਾਵਾ, ਕੁਝ ਦੋਸ਼ੀਆਂ ਨੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਅਮਰੀਕਾ ਲਿਆਉਣ ਅਤੇ ਵਾਸ਼ਿੰਗਟਨ ਸਟੇਟ ਤੋਂ ਜਾਅਲੀ ਡਰਾਈਵਰ ਲਾਇਸੰਸ ਪ੍ਰਾਪਤ ਕਰਨ ਦੀਆਂ ਗੱਲਬਾਤ ਕੀਤੀਆਂ। ਜਾਂਚ ਦੌਰਾਨ $565,000 ਤੋਂ ਵੱਧ ਨਕਦੀ ਅਤੇ ਗੈਰ-ਕਾਨੂੰਨੀ ਨਸ਼ੀਲੇ ਪਦਾਰਥ ਜ਼ਬਤ ਕੀਤੇ ਗਏ, ਜੋ ਮਨੀ ਲਾਂਡਰਿੰਗ ਨਾਲ ਜੁੜੇ ਹੋਣ ਦਾ ਸ਼ੱਕ ਹੈ।



























# ਕੈਲਗਰੀ ਵਿੱਚ 79ਵਾਂ ਆਜਾਦੀ ਦਿਹਾੜਾ ਮਨਾਇਆ ਗਿਆ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੀ ਇੰਡੀਅਨ ਐਕਸ ਸਰਵਿਸਮੈਨ ਇਮੀਗਰੈਂਟ ਐਸੋਸੀਏਸ਼ਨ ਵੱਲੋਂ ਭਾਰਤ ਦੇ 79ਵੇਂ ਆਜ਼ਾਦੀ ਦਿਹਾੜੇ ਦੇ ਸੰਬੰਧ ਵਿੱਚ ਇੱਕ ਵਿਸ਼ੇਸ਼ ਸਮਾਗਮ ਕਰਵਾਇਆ ਗਿਆ ਇਸ ਸਮਾਗਮ ਵਿੱਚ ਨਾ ਸਿਰਫ ਐਸੋਸੀਏਸ਼ਨ ਦੇ ਮੈਂਬਰ ਸਗੋਂ ਕੈਲਗਰੀ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਤੋਂ ਵੀ ਬਜ਼ੁਰਗਾਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ। ਇਸ ਮੌਕੇ ਤੇ ਐਸੋਸੀਏਸ਼ਨ ਦੇ ਪ੍ਰਧਾਨ ਬਲਕਾਰ ਸਿੰਘ ਸੰਧੂ ਤੋਂ ਇਲਾਵਾ ਵੱਖ-ਵੱਖ ਬੁਲਾਰਿਆਂ ਨੇ ਆਜ਼ਾਦੀ ਦਿਹਾੜੇ ਦੀ ਮਹੱਤਤਾ ਉੱਪਰ ਚਾਨਣਾ ਪਾਇਆ ਇਸ ਤੋਂ ਇਲਾਵਾ ਆਜ਼ਾਦੀ ਦੇ ਗੀਤ ਗਾਏ ਗਏ ਅਤੇ ਮਨੋਰੰਜਨ ਦੀਆਂ ਕੁੱਝ ਹੋਰ ਵਣਗੀਆਂ ਵੀ ਪੇਸ਼ ਕੀਤੀਆਂ ਗਈਆਂ। ਭਾਰਤ ਦੇ ਆਜ਼ਾਦੀ ਦਿਹਾੜੇ ਦੇ ਸਬੰਧ ਵਿੱਚ 16 ਅਗਸਤ ਨੂੰ ਇੱਕ ਹੋਰ ਵਿਸ਼ੇਸ਼ ਈਵੈਂਟ ਇੰਡੀਜੇਹ ਕਰਵਾਇਆ ਗਿਆ ਇਸ ਈਵੈਂਟ ਵਿੱਚ ਭਾਰਤ ਦੇ ਕਈ ਪ੍ਰਸਿੱਧ ਗਾਇਕ ਹਾਜ਼ਰੀ ਲਗਵਾਉਣਗੇ ਇਸ ਤੋਂ ਇਲਾਵਾ ਇਸ ਵਿੱਚ ਕੌਂਸਲ ਜਨਰਲ ਆਫ ਇੰਡੀਆ, ਅਲਬਰਟਾ ਦੀ ਪ੍ਰੀਮੀਅਰ, ਕੈਲਗਰੀ ਦੀ ਮੇਅਰ ਕਈ ਪਾਰਲੀਮੈਂਟ ਮੈਂਬਰ ਅਤੇ ਵਿਧਾਇਕਾਂ ਤੋਂ ਇਲਾਵਾ ਸਿਟੀ ਕੌਂਸਲਰ ਵੀ ਸ਼ਾਮਿਲ ਹੋਏ। ਉਹਨਾਂ ਦੱਸਿਆ ਕਿ ਇਸ ਈਵੈਂਟ ਨੂੰ ਸਫਲਤਾ ਪੂਰਵਕ ਨੇਪਰੇ ਚੜਨ ਲਈ 200 ਤੋਂ ਜਿਆਦਾ ਵਲੰਟੀਅਰ ਦਿਨ ਰਾਤ ਕੰਮ ਕੀਤਾ। ਪਰਬੰਧਕਾਂ ਅਨੁਸਾਰ ਇਸ ਸਮਾਗਮ ਵਿੱਚ 10 ਹਜਾਰ ਤੋਂ ਜਿਆਦਾ ਦਰਸ਼ਕ ਸ਼ਾਮਿਲ ਹੋਏ ਅਤੇ 40 ਤੋਂ ਜਿਆਦਾ ਰੰਗਾਰੰਗ ਵੰਨਗੀਆਂ ਦਾ ਆਨੰਦ ਮਾਣਿਆ। ਰੰਗਾਂ ਰੰਗ ਪ੍ਰੋਗਰਾਮ ਤੋਂ ਇਲਾਵਾ ਦਰਸ਼ਕਾਂ ਨੂੰ ਭਾਰਤ ਦੇ ਵੱਖ-ਵੱਖ ਖਿੱਤਿਆਂ ਦੇ ਸੱਭਿਆਚਾਰ ਨੂੰ ਜਾਨਣ ਦਾ ਮੌਕਾ ਵੀ ਮਿਲਿਆ।

## ਫਲੋਰੀਡਾ ਟਰੱਕ ਹਾਦਸੇ ਦੇ ਜਿੰਮੇਵਾਰ ਡਰਾਈਵਰ 'ਤੇ ਲੱਗ ਸਕਦੇ ਹਨ ਗੰਭੀਰ ਚਾਰਜ

### ਸ਼ੋਸ਼ਲ ਮੀਡੀਆ 'ਤੇ ਅਮਰੀਕਨ ਲੋਕਾਂ 'ਚ ਨਫਰਤ ਅਤੇ ਗੁੱਸੇ ਦੀ ਲਹਿਰ







ਫਲੋਰੀਡਾ (ਪੰਜਾਬੀ ਅਖ਼ਬਾਰ ਬਿਓਰੋ)ਬੀਤੇ ਦਿਨੀਂ ਫਲੋਰੀਡਾ ਟਰਨ ਪਾਇਕ ਹਾਈਵੇ 'ਤੇ ਗਲਤ ਤੇ ਗੈਰ ਕਾਨੂੰਨੀ ਯੂ ਟਰਨ ਮਾਰਨ ਕਰਕੇ ਜੋ ਭਿਆਨਕ ਹਾਦਸਾ ਵਾਪਰਿਆ ਸੀ, ਜਿਸ 'ਚ ਕੈਲੇਫੋਰਨੀਆ ਤੋਂ ਇੱਕ ਪੰਜਾਬੀ ਟਰੱਕ ਡਰਾਈਵਰ (20) 'ਤੇ Homicide Charge ਲੱਗ ਸਕਦੇ ਹਨ। ਇਸ ਹਾਦਸੇ 'ਚ ਵੈਨ 'ਚ ਸਵਾਰ ਇੱਕੋ ਪਰਿਵਾਰ ਦੇ ਤਿੰਨ ਜੀਆਂ ਦੀ ਮੌਤ ਹੋ ਗਈ ਸੀ। ਘਟਨਾ ਦੀ ਵੀਡੀਓ ਅਤੇ ਟਰੱਕ ਦੀ ਅੰਦਰੂਨੀ ਡੈਸ਼ ਕੈਮ ਵੀਡੀਓ ਇਸ ਸਮੇਂ ਸੋਸ਼ਲ ਮੀਡੀਆ ਰਾਹੀਂ ਵੱਡੇ ਪੱਧਰ ਤੇ ਵਾਇਰਲ ਹੋ ਰਹੀ ਹੈ।

ਸਟੇਟ ਪੁਲਿਸ ਹਾਲੇ ਮੁੱਢਲੀ ਜਾਂਚ ਕਰ ਰਹੀ ਹੈ, ਮੌਕੇ ਤੋਂ ਮਿਲੀਆਂ ਵੀਡੀਓ ਫੁਟੇਜ਼ ਅਤੇ ਗਵਾਹਾਂ ਦੇ ਬਿਆਨਾਂ ਦੇ ਆਧਾਰ 'ਤੇ ਇਸ ਘਟਨਾ ਲਈ ਉਕਤ ਪੰਜਾਬੀ ਡਰਾਈਵਰ 'ਤੇ ਜਾਣ ਬੁਝ ਕਿ ਹਾਦਸਾ ਕਰਨ ਦੇ ਚਾਰਜ ਲੱਗ ਸਕਦੇ ਹਨ ਅਤੇ ਦੋਸ਼ ਸਾਬਤ ਹੋਣ 'ਤੇ ਲੰਬੀ ਕੈਦ ਹੋ ਸਕਦੀ ਹੈ।

ਇਸ ਹਾਦਸੇ ਤੋਂ ਬਾਅਦ ਉੱਤਰੀ ਅਮਰੀਕਾ 'ਚ ਉਕਤ ਡਰਾਈਵਰ ਅਤੇ ਪੰਜਾਬੀ ਭਾਈਚਾਰੇ ਖਿਲਾਫ਼ ਸ਼ੋਸ਼ਲ ਮੀਡੀਆ 'ਤੇ ਅਮਰੀਕਨ ਲੋਕਾਂ ਦਾ ਗੁੱਸਾ ਅਤੇ ਨਫ਼ਰਤ ਪੂਰੀ ਤਰ੍ਹਾਂ ਦੇਖੀ ਜਾ ਸਕਦੀ ਹੈ।ਇੱਕ ਦੀ ਲਾਪਰਵਾਹੀ ਦਾ ਖ਼ਮਿਆਜ਼ਾ ਸਮੁੱਚੇ ਭਾਈਚਾਰੇ ਨੂੰ ਭੁਗਤਣਾ ਪੈਂਦਾ ਹੈ।

# ਸਰਦੂਲ ਲੱਖਾ ਦੀ ਕਹਾਣੀ 'ਰੇਸ਼ਮੀ' ਗੱਡੀਆਂ ਵਾਲਿਆਂ' ਦਾ ਸੁੱਚਾ ਕਿਰਦਾਰ ਸਾਕਾਰ ਕਰ ਗਈ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਅਰਪਨ ਲਿਖਾਰੀ ਸਭਾ ਦੀ ਮਾਸਿਕ ਮੀਟਿੰਗ 9 ਅਗਸਤ ਨੂੰ ਕੋਸੋ ਹਾਲ ਵਿੱਚ ਹੋਈ ਜਿਸ ਦੀ ਪ੍ਰਧਾਨਗੀ ਡਾ: ਜੋਗਾ ਸਿੰਘ ਸਹੋਤਾ ਅਤੇ ਜਸਵੰਤ ਸਿੰਘ ਸੇਖੋਂ ਨੇ ਕੀਤੀ। ਦੀਪਕ ਜੈਤੋਈ ਮੰਚ ਦੇ ਪ੍ਰਧਾਨ ਦਰਸ਼ਨ ਬਰਾੜ ਨੇ ਸਕੱਤਰ ਵੱਜੋਂ ਸੇਵਾ ਨਿਭਾਉਂਦਿਆਂ ਰੱਖੜ-ਪੁੰਨਿਆਂ ਦੀ ਵਧਾਈ ਦਿੱਤੀ, ਅੰਮ੍ਰਿਤਾ ਪ੍ਰੀਤਮ ਅਤੇ ਬਾਬੂ ਰਜਬ ਅਲੀ ਖਾਨ ਨੂੰ ਇਸੇ ਮਹੀਨੇ ਜਨਮ ਦਿਨ ਹੋਣ ਕਰ ਕੇ ਯਾਦ ਕੀਤਾ।

ਡਾ: ਮਨਮੋਹਨ ਬਾਠ ਨੇ ਹਿੰਦੀ ਗੀਤ - ਮੁਝੇ ਕਿਤਨਾ ਪਿਆਰ ਹੈ ਤੁਮ ਸੇ ਅਪਨੇ ਹੀ ਦਿਲ ਸੇ ਪੂਛੋ ਤੁਮ / ਜਿਸੇ ਦਿਲ ਦੀਆ ਹੈ ਵੋਹ ਤੁਮ ਹੋ ਮੇਰੀ ਜ਼ਿੰਦਗੀ ਤੁਮਹਾਰੀ ਹੈ - ਗਾਕੇ ਸੰਗੀਤਕ ਮਾਹੌਲ ਸਿਰਜਿਆ ਜਿਸ ਨੂੰ ਹਰਮਿੰਦਰਪਾਲ ਸਿੰਘ ਨੇ ਸ਼ਿਵ ਦੀ ਕਵਿਤਾ - ਪੀੜ ਤੇਰੇ ਜਾਣ ਦੀ ਕਿੱਦਾਂ ਜਰਾਂਗਾ ਮੈਂ / ਤੇਰੇ ਬਗੈਰ ਜ਼ਿੰਦਗੀ ਕੀ ਕਰਾਂਗਾ ਮੈਂ, ਗਿੱਲ ਸੁਖਮੰਦਰ ਨੇ ਆਪਣਾ ਨਵਾਂ ਗੀਤ - ਲੋਗੜੀ ਦੇ ਫੁੱਲ ਲਾ ਕੇ ਮੀਢੀਆਂ ਸੀ ਗੁੰਦੀਆਂ, ਕਿੰਨਾਂ ਸੋਹਣਾ ਹੁੰਦਾ ਸੀ ਸ਼ਿੰਗਾਰ, ਡਾ: ਜੋਗਾ ਸਿੰਘ ਸਹੋਤਾ ਨੇ ਦੋ ਗੀਤ - ਰੱਬ ਦੇ ਬੰਦਿਆਂ ਤੋਂ ਰੱਬ ਕੋਈ ਵੱਖ ਨਹੀਂ ਅਤੇ ਦੁਨੀਆਂ ਕਿਸੀ ਕੇ ਪਿਆਰ ਮੇਂ ਜ਼ੰਨਤ ਸੇ ਕਮ ਨਹੀਂ, ਗਾ ਕੇ ਆਪੋ ਆਪਣੀ ਪਰਪੱਕ ਗਾਇਕੀ ਰਾਹੀਂ ਸਿਖਰ 'ਤੇ ਪੁਚਾ ਦਿੱਤਾ। ਜਸਵੰਤ ਸਿੰਘ ਸੇਖੋਂ ਨੇ ਦੇਸ਼ ਦੀ ਵੰਡ ਦਾ ਦੁਖਾਂਤ ਕਵੀਸ਼ਰੀ ਰਾਹੀਂ ਉਜਾਗਰ ਕੀਤਾ - ਕਾਹਦੀ ਐ ਆਜ਼ਾਦੀ ਬਰਬਾਦੀ ਆਈ ਜੀ, ਝੱਲਦੇ ਖੁਆਰੀ ਐ (ਡਿਊਢਾ ਛੰਦ), ਸਤਨਾਮ ਢਾਅ ਨੇ ਗੁਰਦਾਸ ਰਾਮ ਆਲਮ ਦੀ 'ਆਜ਼ਾਦੀ' ਨਾਂ ਦੀ ਵਿਅੰਗਮਈ ਕਵਿਤਾ ਸੁਣਾ ਕੇ ਹਾਸਰਸ ਪਰੋਸਿਆ। ਨਾਲ਼ ਹੀ ਸੋਹਣ ਸਿੰਘ ਭਕਨਾ ਅਤੇ ਕਰਤਾਰ ਸਿੰਘ ਸਰਾਭਾ ਦਰਮਿਆਨ ਵਾਰਤਾਲਾਪ ਨੂੰ ਕਵੀਸ਼ਰੀ ਦੀ ਰੰਗਣ ਚਾੜ੍ਹ ਕੇ ਸੁਰ ਵਿੱਚ ਪੇਸ਼ ਕਰ ਕੇ ਦਰਸ਼ਕਾਂ ਵਿੱਚ ਜੋਸ਼ ਦਾ ਸੰਚਾਰ ਕਰ ਦਿੱਤਾ। ਸੁਰਿੰਦਰ ਢਿੱਲੋਂ ਨੇ ਚੋਣਵੇਂ ਸ਼ੇਅਰ ਸੁਣਾਏ ਅਤੇ ਕਿਹਾ ਕਿ ਮਹਾਨ ਆਗੂਆਂ ਅਤੇ ਗੁਰੂਆਂ ਦੀਆਂ ਸਿੱਖਿਆਵਾਂ ਪੁਸਤਕਾਂ ਅਤੇ ਗ੍ਰੰਥਾਂ ਵਿੱਚ ਪਈਆਂ ਰਹਿ ਜਾਂਦੀਆਂ ਹਨ, ਅਮਲਾਂ ਵਿੱਚ ਨਹੀਂ ਲਿਆਂਦੀਆਂ ਜਾਂਦੀਆਂ। ਜਸਵੀਰ ਸਿਹੋਤਾ, ਲਖਵਿੰਦਰ ਜੌਹਲ, ਜਰਨੈਲ ਤੱਗੜ, ਸਰਬਜੀਤ ਕੌਰ ਉੱਪਲ ਅਤੇ ਜਸਵੰਤ ਸਿੰਘ ਵਿਰਕ ਨੇ ਕਵਿਤਾਵਾਂ ਸੁਣਾਈਆਂ। ਬੀਬਾ ਰਾਵਿੰਦਰ ਕੌਰ ਦਾ ਮੰਨਣਾ ਸੀ ਕਿ ਇਸ ਸਭਾ ਵਿੱਚ ਆਕੇ ਦਿਮਾਗ ਤੋਂ ਭਾਰ ਜਿਹਾ ਉੱਤਰ ਜਾਂਦਾ ਹੈ, ਗਿਆਨ ਵੀ ਮਿਲਦਾ ਹੈ। ਜ਼ੀਰ ਸਿੰਘ ਬਰਾੜ ਨੇ ਨਿੱਜੀ ਜ਼ਿਦਗੀ ਦੇ ਅਨੁਭਵ ਸਾਂਝੇ ਕੀਤੇ।

ਸਰਦੂਲ ਲੱਖਾ ਨੇ ਆਪਣੀ ਤਾਜ਼ਾ ਲਿਖੀ ਕਹਾਣੀ 'ਰੇਸ਼ਮੀ' ਸੁਣਾਈ ਜੋ ਗੱਡੀਆਂ ਆਲ਼ੇ ਤੇ ਸਿਕਲੀਗਰਾਂ ਦੇ ਸੁੱਚੇ ਕਿਰਦਾਰ ਨੂੰ ਰੁਪਮਾਨ ਕਰਦੀ ਹੈ। ਇਹ ਸਾਡੇ ਮਹਾਨ ਪੰਜਾਬੀ ਵਿਰਸੇ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦੀ ਹੈ, ਕਹਾਣੀਕਾਰ ਨੇ ਦ੍ਰਿਸ਼ ਨੂੰ ਜਿਸ ਮੁਹਾਰਤ ਨਾਲ਼ ਸਾਕਾਰ ਕੀਤਾ ਹੈ ਅਤੇ ਕਹਾਣੀ ਨੂੰ ਜਿਸ ਕਾਰੀਗਰੀ ਨਾਲ਼ ਗੁੰਦਿਆ ਹੈ, ਉਸ ਸਦਕਾ ਇਸ ਕਹਾਣੀ ਦੀ ਦਰਸ਼ਕਾਂ ਨੇ ਰੱਜ ਕੇ ਤਾਰੀਫ਼ ਕੀਤੀ। ਮਸ਼ਹੂਰ ਨਾਟਕਕਾਰ ਅਤੇ ਫਿਲਮਕਾਰ ਸੁਰਿੰਦਰ ਸ਼ਰਮਾ ਨੇ ਭਗਤ ਸਿੰਘ ਹੁਰਾਂ ਦੇ ਵਿੱਚਾਰਾਂ ਦੀ ਤਰਕਸੰਗਤ ਵਿਆਖਿਆ ਕੀਤੀ। ਨਾਲ਼ ਹੀ 16 ਅਗਸਤ ਨੂੰ ਹੋ ਰਹੇ ਤਰਕਸ਼ੀਲ ਨਾਟਕ ਮੇਲੇ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ। ਬਲਦੇਵ ਸਿੰਘ ਦੁੱਲਟ, ਚਰਨਜੀਤ ਸਿੰਘ ਅਤੇ ਸਤਨਾਮ ਸ਼ੇਰਗਿੱਲ ਨੇ ਵਿੱਚਾਰਾਂ ਦੀ ਸਾਂਝ ਪਾਈ।ਦਰਸ਼ਨ ਬਰਾੜ ਨੇ ਆਪਣੇ ਨਵੇਂ ਆ ਰਹੇ ਕਾਵਿ-ਸੰਗ੍ਰਹਿ 'ਸਫਰ' ਵਿੱਚੋਂ 'ਪੈਸਾ' ਨਾਂ ਦੀ ਲੰਮੀ ਕਵਿਤਾ ਤਰੰਨਮ ਵਿੱਚ ਸੁਣਾਈ।

## ਚੀਨ ਨੇ ਕੈਨੇਡਾ ਦੇ ਕਨੋਲਾ ਉੱਪਰ ਲਗਭਗ 76 ਫੀਸਦੀ ਟੈਰੀਫ ਲਗਾਏ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕਕਾਰਨੀ ਨੇ ਪਿਛਲੇ ਮਹੀਨੇ ਐਲਾਨ ਕੀਤਾ ਸੀ ਕਿ ਚੀਨ ਤੋਂ ਆਉਣ ਵਾਲੇ ਸਟੀਲ ਉੱਪਰ 25 ਫੀਸਦੀ ਟੈਰਿਫ ਲਗਾਇਆ ਜਾ ਰਿਹਾ ਹੈ ਜਿਸ ਦੇ ਖਿਲਾਫ ਹੁਣ ਚੀਨ ਵੱਲੋਂ ਵਰਲਡ ਟਰੇਡ ਔਰਗਨਾਈਜੇਸ਼ਨ ਵਿੱਚ ਕੈਨੇਡਾ ਖਿਲਾਫ ਸ਼ਿਕਾਇਤ ਦਰਜ ਕਰਵਾਈ ਗਈ ਹੈ।ਵਰਨਣਯੋਗ ਹੈ ਕਿ ਪ੍ਰਧਾਨ ਮੰਤਰੀ ਮਾਰਕਕਾਰਨੀ ਨੇ ਆਖਿਆ ਸੀ ਕਿ ਅਸੀਂ ਆਪਣੀ ਘਰੇਲੂ ਇੰਡਸਟਰੀ ਨੂੰ ਅਮਰੀਕਾ ਵੱਲੋਂ ਲਗਾਏ ਗਏ ਟੈਰਫਾਂ ਤੋਂ ਬਚਾਉਣ ਵੱਜੋਂ ਇਹ ਕਦਮ ਚੁੱਕ ਰਹੇ ਹਾਂ ਜਦੋਂ ਕਿ ਚੀਨ ਨੇ ਆਖਿਆ ਕਿ ਕੈਨੇਡਾ ਵੱਲੋਂ ਚੁੱਕਿਆ ਗਿਆ ਇਹ ਕਦਮ ਵਿਤਕਰੇ ਭਰਪੂਰ ਹੈ ਅਤੇ ਕੈਨੇਡਾ ਨੂੰ ਆਪਣੇ ਇਸ ਫੈਸਲੇ ਨੂੰ ਵਾਪਸ ਲੈਣਾ ਚਾਹੀਦਾ ਹੈ। ਕੈਨੇਡਾ ਅਤੇ ਚੀਨ ਵਿਚਾਲੇ ਇਸ ਹਫਤੇ ਵਪਾਰਕ ਮਤਭੇਦ ਉਦੋਂ ਹੋਰ ਜਿਆਦਾ ਵਧ ਗਏ ਸਨ ਜਦੋਂ ਚੀਨ ਵੱਲੋਂ ਕੈਨੇਡਾ ਦੇ ਕਨੋਲਾ ਉੱਪਰ ਲਗਭਗ 76 ਫੀਸਦੀ ਟੈਰੀਫ ਲਗਾ ਦਿੱਤੇ ਗਏ ਸਨ ਜੋ ਕਿ ਕੈਨੇਡਾ ਵੱਲੋਂ ਚੀਨ ਦੇ ਬਣੇ ਇਲੈਕਟਰੀਕਲ ਵਾਹਨਾ ਉੱਪਰ 100 ਫੀਸਦੀ ਟੈਰਿਫ ਲਗਾਉਣ ਦੇ ਵਿਰੋਧ ਵਿੱਚ ਚੀਨ ਵੱਲੋਂ ਲਗਾਏ ਗਏ ਹਨ।

## 9 ਸਾਲ ਪਹਿਲਾਂ ਹੋਈ ਸੰਧੂ ਦੀ ਹੱਤਿਆ ਨੂੰ ਹਾਲੇ ਤੱਕ ਵੀ ਇਨਸਾਫ ਨਹੀਂ ਮਿਲਿਆ

ਸਰੀ (ਪੰਜਾਬੀ ਅਖ਼ਬਾਰ ਬਿਊਰੋ) ਬ੍ਰਿਟਿਸ਼ ਕੋਲੰਬੀਆ ਦੇ ਪੰਜਾਬੀਆਂ ਦੀ ਵੱਡੀ ਵਸੋਂ ਵਾਲੇ ਸ਼ਹਿਰ ਸਰੀ ਵਿੱਚ ਨੌ ਸਾਲ ਪਹਿਲਾਂ ਹੋਈ ਇੱਕ ਹੱਤਿਆ ਦੇ ਮਾਮਲੇ ਵਿੱਚ ਇੰਟੈਗਰੇਟਡ ਹੋਮੀਸਾਈਡ ਇਨਵੈਸਟੀਗੇਸ਼ਨ ਯੂਨਿਟ ਯਾਨੀ ਆਈ ਹਿੱਟ ਵੱਲੋਂ ਇੱਕ ਵਾਰ ਫਿਰ ਤੋਂ ਲੋਕਾਂ ਕੋਲੋਂ ਸਹਿਯੋਗ ਮੰਗਿਆ ਜਾ ਰਿਹਾ ਹੈ ਕਿ ਜੇਕਰ ਕਿਸੇ ਕੋਲ ਵੀ ਇਸ ਹੱਤਿਆ ਸਬੰਧੀ ਕੋਈ ਜਾਣਕਾਰੀ ਹੋਵੇ ਤਾਂ ਆਈ ਹਿੱਟ ਨਾਲ ਸਾਂਝੀ ਕੀਤੀ ਜਾਵੇ ਅਸਲ ਵਿੱਚ ਇਹ ਵਾਰਦਾਤ ਜੁਲਾਈ 16 ਨੂੰ ਵਾਪਰੀ ਸੀ ਜਦੋਂ ਆਰਸੀਐਮਪੀ ਨੂੰ 142ਏ ਸਟਰੀਟ ਦੇ ਨੇੜੇ 90 ਏ ਐਵਨਿਊ ਤੇ ਗੋਲੀਬਾਰੀ ਹੋਣ ਦੀ ਸੂਚਨਾ ਮਿਲੀ ਸੀ ਜਦੋਂ ਪੁਲਿਸ ਮੌਕੇ ਤੇ ਪਹੁੰਚੀ ਸੀ ਤਾਂ ਦੋ ਵਿਅਕਤੀ ਗੋਲੀਆਂ ਲੱਗਣ ਕਾਰਨ ਜ਼ਖਮੀ ਹਾਲਤ ਵਿੱਚ ਮਿਲੇ ਸਨ ਜਿੰਨਾਂ ਵਿੱਚੋਂ ਇੱਕ 28 ਸਾਲ ਦਾ ਜਤਿੰਦਰ ਮਾਈਕਲ ਸੰਧੂ ਸੀ ਜਿਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਪਰ ਬਾਅਦ ਵਿੱਚ ਉਹ ਦਮ ਤੋੜ ਗਿਆ ਸੀ ਜਦੋਂ ਕਿ ਦੂਜਾ ਪੀੜਿਤ ਇਸ ਹਮਲੇ ਤੋਂ ਬਚ ਗਿਆ ਸੀ ਜਦੋਂ ਇਹ ਗੋਲੀਬਾਰੀ ਹੋਈ ਸੀ ਤਾਂ ਪਹਿਲਾਂ ਇਹ ਲੱਗਦਾ ਸੀ ਕਿ ਸ਼ਾਇਦ ਇਹ ਗੈਂਗਵਾਰ ਹੋ ਸਕਦੀ ਹੈ ਪਰ ਬਾਅਦ ਵਿੱਚ ਜਾਂਚ ਕਰਨ ਤੇ ਪਤਾ ਲੱਗਾ ਕਿ ਕਿ ਨਾ ਹੀ ਸੰਧੂ ਅਤੇ ਨਾ ਹੀ ਦੂਜੇ ਪੀੜਿਤ ਦਾ ਕੋਈ ਅਪਰਾਧਕ ਰਿਕਾਰਡ ਸੀ। ਜਤਿੰਦਰ ਸੰਧੂ ਦੇ ਪਰਿਵਾਰ ਦਾ ਕਹਿਣਾ ਹੈ ਕਿ ਜੇਕਰ ਉਹ ਅੱਜ ਜਿਉਂਦਾ ਹੁੰਦਾ ਤਾਂ ਉਸਨੇ 37 ਸਾਲ ਦਾ ਹੋਣਾ ਸੀ। ਪਰਿਵਾਰ ਨੇ ਲੋਕਾਂ ਕੋਲੋਂ ਅਪੀਲ ਕੀਤੀ ਹੈ ਕਿ ਜੋ ਲੋਕ ਉਥੇ ਮੌਜੂਦ ਸਨ ਉਹ ਕਿਰਪਾ ਕਰਕੇ ਸਾਡੀ ਮੱਦਦ ਕਰਨ ਤਾਂ ਕਿ ਸਾਨੂੰ ਇਨਸਾਫ ਮਿਲ ਸਕੇ ਜੇਕਰ ਕਿਸੇ ਵੀ ਵਿਅਕਤੀ ਨੂੰ ਉਸ ਵਾਰਦਾਤ ਬਾਰੇ ਕੋਈ ਜਾਣਕਾਰੀ ਹੈ ਤਾਂ ਆਈ ਹਿੱਟ ਦੇ ਨੰਬਰ 1-877-551-4448 ਤੇ ਕਾਲ ਕੀਤੀ ਜਾਵੇ ਜਾਂ ਫਿਰ ਆਈ ਹਿਟ ਦੀ ਈਮੇਲ ਤੇ ਸੂਚਨਾ ਸਾਂਝੀ ਕੀਤੀ ਜਾਵੇ ਸੂਚਨਾ ਦੇਣ ਵਾਲੇ ਦੀ ਜਾਣਕਾਰੀ ਪੂਰੀ ਤਰ੍ਹਾਂ ਗੁਪਤ ਰੱਖੀ ਜਾਵੇਗੀ

## ਕੈਲਗਰੀ ਵਿੱਚ ਰੌਇਲ ਵੁਮੈਨਜ਼ ਐਸੋਸੀਏਸ਼ਨ ਵੱਲੋਂ ਤੀਆਂ ਮੇਲਾ ਮਨਾਇਆ ਗਿਆ




ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਰੌਇਲ ਵੁਮੈਨਜ਼ ਐਸੋਸੀਏਸ਼ਨ ਵੱਲੋਂ ਤੀਆਂ ਦਾ ਮੇਲਾ ਸ਼ਾਨਦਾਰ ਢੰਗ ਨਾਲ ਪ੍ਰੇਰੀ ਵਿੰਡ ਪਾਰਕ ਵਿੱਚ ਮਨਾਇਆ ਗਿਆ। ਸਾਵਣ ਦੇ ਮਹੀਨੇ ਵਿੱਚ ਮਨਾਇਆ ਜਾਣ ਵਾਲਾ ਇਹ ਤਿਉਹਾਰ ਵਰਖਾ ਰੁੱਤ ਦੀਆਂ ਖੁਸ਼ੀਆਂ ਅਤੇ ਪੰਜਾਬੀ ਸੱਭਿਆਚਾਰ ਦੇ ਪ੍ਰਤੀਕ ਮੇਲੇ ਵਿੱਚ ਔਰਤਾਂ ਨੇ ਰਵਾਇਤੀ ਕੀਪਾ ਨਾਚ ਸਮੇਤ ਹੋਰ ਪੰਜਾਬੀ ਗੀਤ-ਸੰਗੀਤ ਦੀਆਂ ਪ੍ਰਸਤੁਤੀਆਂ ਨਾਲ ਮੰਚ ਰੌਸ਼ਨ ਕੀਤਾ। ਰੰਗ-ਬਿਰੰਗੇ ਪੰਜਾਬੀ ਲਿਬਾਸ ਜਿਵੇਂ ਸਲਵਾਰ-ਸੂਟ, ਲਹਿੰਗਾ ਅਤੇ ਫੁਲਕਾਰੀ ਪਹਿਨੇ ਹੋਏ ਸਾਰੀਆਂ ਮਹਿਲਾਵਾਂ ਖ਼ਾਸ ਆਕਰਸ਼ਣ ਦਾ ਕੇਂਦਰ ਬਣੀਆਂ। ਰੋਇਲ ਵੋਮੈਨ ਨੇ ਇਸ ਸੀਜ਼ਨ ਵਿੱਚ ਦਸ ਪਰਫੌਰਮੈਨਸ ਪੰਜਾਬੀ ਕਮਿਊਨਿਟੀ ਤੋਂ ਇਲਾਵਾ ਦੂਸਰੀਆਂ ਕਮਿਊਨਿਟੀਆਂ ਵਿੱਚ ਜਾ ਜਾ ਕੇ ਦਿੱਤੀਆਂ ਸਨ। ਰਵਿੰਦਰਜੀਤ ਕੌਰ ਦਾ ਖਾਸ ਤੌਰ ਤੇ ਧੰਨਵਾਦ ਕੀਤਾ ਜਿਸ ਨੇ ਅਣਥੱਕ ਮਿਹਨਤ ਕਰਦਿਆਂ ਗਰੁੱਪ ਦੀ ਬਹੁਤ ਸੁਚੱਜੇ ਢੰਗ ਨਾਲ ਅਗਵਾਈ ਕੀਤੀ।ਇਸ ਸਮਾਗਮ ਨੇ ਨਾ ਸਿਰਫ਼ ਰੋਜ਼ਾਨਾ ਦੀ ਜ਼ਿੰਦਗੀ ਤੋਂ ਇੱਕ ਸੁਹਣਾ ਬ੍ਰੇਕ ਦਿੱਤਾ, ਸਗੋਂ ਨਾਰੀਤਵ ਦੀ ਖੂਬਸੂਰਤੀ, ਪ੍ਰਕਿਰਤੀ ਨਾਲ ਪਿਆਰ ਅਤੇ ਆਪਣੀਆਂ ਜੜ੍ਹਾਂ ਨਾਲ ਜੁੜਾਅ ਦਾ ਅਹਿਸਾਸ ਵੀ ਕਰਵਾਇਆ। ਸਭ ਨੇ ਮਿਲ ਬੈਠ ਕੇ ਸੁਆਦੀ ਪੰਜਾਬੀ ਭੋਜਨ, ਮਿੱਠੀਆਂ ਤੇ ਸੰਗੀਤਕ ਰੰਗ-ਰਲੀਆਂ ਦਾ ਖੂਬ ਆਨੰਦ ਲਿਆ।







# ਫਿਰੌਤੀਆਂ ਮੰਗਣ ਵਾਲਿਆਂ ਨੂੰ ਕੈਲਗਰੀ ਪੁਲਿਸ ਹੁਣ ਕਰੜੇ ਹੱਥੀਂ ਲਵੇਗੀ




ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਵਿੱਚ ਭਾਰਤੀ ਜਾਂ ਪੰਜਾਬੀ ਬਿਜਨਸਮੈਨਾਂ ਕੋਲੋਂ ਫਿਰੌਤੀਆਂ ਮੰਗਣ ਦੀਆਂ ਵਧ ਰਹੀਆਂ ਘਟਨਾਵਾਂ ਘਰਾਂ ਜਾਂ ਵਪਾਰਕ ਅਦਾਰਿਆਂ ਤੇ ਗੋਲੀਆਂ ਚਲਾ ਕੇ ਜਾਂ ਅੱਗਾਂ ਲਗਾ ਕੇ ਵਪਾਰੀਆਂ ਨੂੰ ਡਰਾਉਣ ਧਮਕਾਉਣ ਦੀਆਂ ਵਾਰਦਾਤਾਂ ਵਿੱਚ ਹੋ ਰਹੇ ਵਾਧੇ ਅਤੇ ਕਮਿਊਨਿਟੀ ਵਿੱਚ ਪੈਦਾ ਹੋ ਰਹੇ ਡਰ ਦੇ ਚਲਦਿਆਂ ਪਹਿਲਾਂ ਐਡਮਿੰਟਨ ਵਿੱਚ ਪੁਲਿਸ ਵੱਲੋਂ ਇੱਕ ਟਾਊਨ ਹਾਲ ਮੀਟਿੰਗ ਕਰਵਾਈ ਗਈ ਸੀ ਜਿਸ ਤੋਂ ਬਾਅਦ ਹੁਣ ਕੈਲਗਰੀ ਪੁਲਿਸ ਵੱਲੋਂ ਵੀ ਸਾਊਥ ਏਸ਼ੀਅਨ ਭਾਈਚਾਰੇ ਲਈ ਇੱਕ ਟਾਊਨ ਹਾਲ ਮੀਟਿੰਗ ਕਰਵਾਈ ਗਈ ਜਿਸ ਵਿੱਚ ਕੈਲਗਰੀ ਪੁਲਿਸ ਦੇ ਅਧਿਕਾਰੀਆਂ ਤੋਂ ਇਲਾਵਾ ਐਡਮਿੰਟਨ ਪੁਲਿਸ ਦੇ ਅਧਿਕਾਰੀ ਸ਼ਹਿਰ ਦੇ ਪਤਵੰਤੇ ਲੋਕ ਅਤੇ ਸਿਆਸਤਦਾਨ ਸ਼ਾਮਿਲ ਹੋਏ। ਇਸ ਮੌਕੇ ਤੇ ਕੈਲਗਰੀ ਪੁਲਿਸ ਦੇ ਬੁਲਾਰੇ ਰਣਬੀਰ ਸਿੰਘ ਰੰਧਾਵਾ ਨੇ ਦੱਸਿਆ ਕਿ ਫਿਰੌਤੀਆਂ ਦੀਆਂ ਇਹਨਾਂ ਘਟਨਾਵਾਂ ਨੂੰ ਰੋਕਣ ਅਤੇ ਅਜਿਹੇ ਅਨਸਰਾਂ ਨੂੰ ਗਿਰਫਤਾਰ ਕਰਨ ਲਈ ਇੱਕ ਵਿਸ਼ੇਸ਼ ਟਾਸਕ ਫੋਰਸ ਬਣਾਈ ਗਈ ਹੈ। ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਉਹਨਾਂ ਨਾਲ ਕੋਈ ਅਜਿਹੀ ਘਟਨਾ ਵਾਪਰਦੀ ਹੈ ਤਾਂ ਉਹ ਬੇਝਿਜਕ ਹੋ ਕੇ ਪੁਲਿਸ ਨਾਲ ਸੂਚਨਾ ਸਾਂਝੀ ਕਰ ਸਕਦੇ ਹਨ ਅਤੇ ਜੇਕਰ ਉਹ ਚਾਹੁੰਦੇ ਹਨ ਤੇ ਉਹਨਾਂ ਦੀ ਪਹਿਚਾਣ ਗੁਪਤ ਰੱਖੀ ਜਾਵੇਗੀ।

## ਅਲਬਰਟਾ ਉਪ ਚੋਣ ਦੇ ਨਤੀਜੇ

# ਕੰਜ਼ਰਵੇਟਿਵ ਆਗੂ ਪੀਅਰ ਪੋਲੀਐਵ ਚੋਣ ਜਿੱਤੇ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੀ ਮੁੱਖ ਵਿਰੋਧੀ ਰਾਜਨੀਤਕ ਧਿਰ ਕੰਜ਼ਰਵੇਟਿਵ ਪਾਰਟੀ ਦੇ ਆਗੂ ਪੀਅਰ ਪੋਲੀਐਵ ਹੁਣ ਅਲਬਰਟਾ ਦੇ ਹਲਕਾ ਬੈਟਲ ਰਿਵਰ ਕਰਾਅਫੁੱਟ ਤੋਂ ਹਾਊਸ ਆਫ ਕਾਮਨਜ ਵਿੱਚ ਨੁਮਾਇੰਦਗੀ ਕਰਨਗੇ। ਉਪ ਚੋਣ ਵਿੱਚ ਆਪਣੀ ਜਿੱਤ ਦਾ ਐਲਾਨ ਕਰਦੇ ਹੋਏ, ਪੋਲੀਅਰ ਨੇ ਸਾਬਕਾ ਸੰਸਦ ਮੈਂਬਰ ਡੈਮੀਅਨ ਕੁਰੇਕ ਦਾ ਧੰਨਵਾਦ ਕੀਤਾ ਹੈ ਜਿਸਨੇ ਆਮ ਚੋਣਾਂ ਵਿੱਚ 83 ਪ੍ਰਤੀਸ਼ਤ ਵੋਟਾਂ ਨਾਲ ਰਾਈਡਿੰਗ ਜਿੱਤੀ ਸੀ ਪਰ ਇੱਥੋਂ ਅਸਤੀਫਾ ਦੇਕੇ ਪਾਰਟੀ ਆਗੂ ਲਈ ਹਾਊਸ ਆਫ ਕਾਮਨਜ ਲਈ ਰਾਹ ਸਾਫ ਕੀਤਾ। ਜ਼ਿਕਰਯੋਗ ਹੈ ਕਿ ਪੀਅਰ ਪੋਲੀਐਵ ਬੀਤੀਆਂ ਚੋਣਾਂ ਦੌਰਾਨ ਅਪ੍ਰੈਲ ਵਿੱਚ ਆਪਣੀ ਔਟਵਾ-ਖੇਤਰ ਦੀ ਸੀਟ ਹਾਰ ਗਏ ਸਨ ਜਿਸ 'ਤੇ ਉਹ ਪਿਛਲੇ 20 ਸਾਲਾਂ ਤੋਂ ਜਿੱਤਦੇ ਆ ਰਹੇ ਸਨ। ਉਪ ਚੋਣ ਲਈ ਵੋਟਾਂ ਦੀ ਗਿਣਤੀ ਦੌਰਾਨ ਹੀ ਪੋਲੀਅਰ ਨੇ ਕਿਹਾ ਕਿ "ਇਸ ਪਤਝੜ ਵਿੱਚ, ਜਿਵੇਂ ਹੀ ਹਾਊਸ ਆਫ ਕਾਮਨਜ ਦਾ ਇਜਲਾਸ ਸ਼ੁਰੂ ਹੋਵੇਗਾ ਅਸੀਂ ਨਾ ਸਿਰਫ਼ ਅਤਿ ਦੀ ਮਹਿੰਗਾਈ, ਅਪਰਾਧ, ਇਮੀਗ੍ਰੇਸ਼ਨ, ਰਹਿਣ-ਸਹਿਣ ਦੀ ਲਾਗਤ ਅਤੇ ਘਰਾਂ ਦੀਆਂ ਕੀਮਤਾਂ ਲੋਕਾਂ ਦੀ ਪਹੁੰਚ ਤੋਂ ਦੂਰ ਹੋਣ ਦਾ ਵਿਰੋਧ ਕਰਾਂਗੇ, ਸਗੋਂ ਅਸੀਂ ਸੁਰੱਖਿਅਤ ਗਲੀਆਂ, ਸੁਰੱਖਿਅਤ ਸਰਹੱਦਾਂ, ਸਾਡੇ ਲੋਕਾਂ ਲਈ ਚੰਗੀ ਤਨਖਾਹ ਵਾਲੇ ਇੱਕ ਮਜ਼ਬੂਤ ਅਤੇ ਪ੍ਰਭੂਸੱਤਾ ਸੰਪੰਨ ਦੇਸ਼ ਲਈ ਅਸਲ ਹੱਲ ਦਾ ਪ੍ਰਸਤਾਵ ਲੈਕੇ ਆਵਾਂਗੇ। ਅਲਬਰਟਾ ਸੂਬੇ ਵਿੱਚੋਂ ਕੈਲਗਰੀ ਤੋਂ ਤਿੰਨੋ ਕੰਜ਼ਰਵੇਟਿਵ ਮੈਂਬਰ ਪਾਰਲੀਮੈਂਟ ਜਸਰਾਜ ਸਿੰਘ ਹੱਲਣ, ਅਮਨਪ੍ਰੀਤ ਸਿੰਘ ਗਿੱਲ, ਅਤੇ ਦਲਵਿੰਦਰ ਸਿੰਘ ਗਿੱਲ ਨੇ ਪਾਰਟੀ ਆਗੂ ਦੀ ਇਸ ਜਿੱਤ ਲਈ ਵੋਟਰਾਂ ਤੇ ਸਮਰਥਕਾਂ ਦਾ ਧੰਨਵਾਦ ਕਰਦਿਆਂ ਕਿਹਾ ਹੈ ਕਿ ਇਸ ਜਿੱਤ ਨੇ ਅਲਬਰਟਾ ਦੀ ਅਸਲ ਕੰਜ਼ਰਵੇਟਿਵ ਸੋਚ ਦਾ ਮਾਣ ਵਧਾਇਆ ਹੈ।

# ਵਿਦਿਆਰਥਣ ਹਰਸਿਮਰਤ ਰੰਧਾਵਾ ਦਾ ਕਥਿਤ ਕਾਤਲ ਫੜਿਆ ਗਿਆ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਪੁਲੀਸ ਨੇ ਇਸ ਸਾਲ ਅਪ੍ਰੈਲ ਮਹੀਨੇ ਵਿੱਚ ਕੈਨੇਡਾ ਦੇ ਸੂਬੇ ਓਨਟਾਰੀਓ ਦੇ ਹਮਿਲਟਨ ਵਿੱਚ ਦੋ ਗਰੋਹਾਂ ਦੀ ਆਪਸੀ ਗੋਲੀਬਾਰੀ ਦੌਰਾਨ ਮਾਰੀ ਗਈ 21 ਸਾਲਾ ਪੰਜਾਬੀ ਲੜਕੀ ਹਰਸਿਮਰਤ ਕੌਰ ਰੰਧਾਵਾ ਜੋ ਕਿ ਇੰਟਰਨੈਸ਼ਨਲ ਸੀ ਤੇ ਮੋਹਾਕ ਕਾਲਜ ਵਿੱਚ ਪੜ੍ਹਦੀ ਸੀ ਦੇ ਕਥਿਤ ਕਾਤਲ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਹ ਘਟਨਾ 17 ਅਪਰੈਲ ਨੂੰ ਹਮਿਲਟਨ ਦੇ ਅੱਪਰ ਜੇਮਜ਼ ਖੇਤਰ ਵਿੱਚ ਵਾਪਰੀ ਸੀ, ਜਿੱਥੇ ਬੱਸ ਅੱਡੇ 'ਤੇ ਖੜ੍ਹੀ ਹਰਸਿਮਰਤ ਨੂੰ ਗੋਲੀ ਲੱਗੀ ਸੀ ਤੇ ਹਸਪਤਾਲ ਲਿਜਾਂਦੇ ਹੋਏ ਉਸ ਦੀ ਮੌਤ ਹੋ ਗਈ ਸੀ। ਪੁਲੀਸ ਦੇ ਬੁਲਾਰੇ ਡੈਰੀ ਰੀਡ ਅਨੁਸਾਰ ਪੁਲੀਸ ਉਦੋਂ ਤੋਂ ਹੀ ਦੋਵਾਂ ਗਰੋਹਾਂ ਨਾਲ ਸਬੰਧਿਤ ਮੁਲਜ਼ਮਾਂ ਦੀ ਤਲਾਸ਼ ਕਰ ਰਹੀ ਸੀ ਤੇ ਆਖਰ 32 ਸਾਲਾ ਮੁਲਜ਼ਮ, ਜਿਸ ਦੀ ਪਹਿਚਾਣ 32 ਸਾਲਾਂ ਦੇ ਜਰਡੇਨ ਫੋਸਟਰ ਵੱਜੋਂ ਹੋਈ ਹੈ , ਨੂੰ ਬੀਤੇ ਦਿਨ ਨਿਆਗਰਾ ਫਾਲਜ਼ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਉੱਪਰ ਹੱਤਿਆ ਅਤੇ ਹੱਤਿਆ ਦੀ ਕੋਸ਼ਿਸ਼ ਦੇ ਦੋਸ਼ ਆਇਦ ਕੀਤੇ ਗਏ ਹਨ।ਪੁਲਿਸ ਦਾ ਮੰਨਣਾ ਹੈ ਕਿ ਫੜਿਆ ਗਿਆ ਦੋਸ਼ੀ ਮਰਸਡੀਜ ਗੱਡੀ ਤੇ ਸਵਾਰ ਸੀ ਜਿਸ ਦਿਨ ਹਰਸਿਮਰਤ ਦੀ ਹੱਤਿਆ ਹੋਈ ਸੀ ਉਸ ਦਿਨ ਜਿੰਨਾ ਦੋ ਗਿਰੋਹਾਂ ਵਿਚਾਲੇ ਗੋਲੀਬਾਰੀ ਹੋਈ ਸੀ ਪੁਲਿਸ ਦਾ ਮੰਨਣਾ ਹੈ ਕਿ ਇਸ ਗੋਲੀਬਾਰੀ ਵਿੱਚ ਕੁੱਲ ਸੱਤ ਜਣੇ ਸ਼ਾਮਿਲ ਸਨ ਇਸ ਹੱਤਿਆ ਤੋਂ ਕੁੱਝ ਦਿਨ ਬਾਅਦ ਪੁਲਿਸ ਨੇ ਦੋ ਗੱਡੀਆਂ ਬਰਾਮਦ ਕੀਤੀਆਂ ਸਨ ਜਿਨਾਂ ਵਿੱਚ ਇੱਕ ਮਰਸੀਡੀਜ਼ ਐਸ ਯੂ ਵੀ ਸੀ ਅਤੇ ਦੂਜੀ ਹੂੰਡਾਈ ਅਲੈਂਟਰਾ ਗੱਡੀ ਸੀ ਪੁਲਿਸ ਨੇ ਹੁੰਡਾਈ ਗੱਡੀ ਟਰਾਂਟੋ ਪੁਲਿਸ ਦੀ ਮਦਦ ਨਾਲ ਟੋਰਾਂਟੋ ਤੋਂ ਬਰਾਮਦ ਕੀਤੀ ਸੀ ਜਦੋਂ ਕਿ ਮਰਸਡੀਜ ਗੱਡੀ ਮਿਲਟਨ ਖੇਤਰ ਵਿੱਚੋਂ ਬਰਾਮਦ ਹੋਈ ਸੀ।

## ਕਿਸਤੀ ਡੁੱਬਣ ਨਾਲ ਘਰੋਂ ਚੰਗੇ ਭਵਿੱਖ ਲਈ ਨਿੱਕਲੇ 20 ਪਰਵਾਸੀਆਂ ਦੀ ਮੌਤ ਹੋਈ

ਨਵੀਂ ਦਿੱਲੀ (ਪੰਜਾਬੀ ਅਖ਼ਬਾਰ ਬਿਊਰੋ) ਇਟਲੀ ਦੇ ਲੈਂਪੇਡੂਸਾ ਟਾਪੂ ਨੇੜੇ ਇੱਕ ਕਿਸ਼ਤੀ ਪਲਟਣ ਨਾਲ 20 ਪ੍ਰਵਾਸੀਆਂ ਦੀ ਮੌਤ ਹੋ ਗਈ ਅਤੇ 10 ਤੋਂ ਵੱਧ ਲੋਕ ਲਾਪਤਾ ਹਨ। ਸੰਯੁਕਤ ਰਾਸ਼ਟਰ ਸ਼ਰਨਾਰਥੀ ਏਜੰਸੀ ਨੇ ਇਹ ਜਾਣਕਾਰੀ ਦਿੱਤੀ। ਕਿਸ਼ਤੀ 'ਤੇ 92 ਤੋਂ 97 ਪ੍ਰਵਾਸੀ ਸਵਾਰ ਸਨ। ਇਹ ਕਿਸ਼ਤੀ ਲੀਬੀਆ ਤੋਂ ਰਵਾਨਾ ਹੋਈ ਸੀ। ਇਟਲੀ ਦੇ ਬੁਲਾਰੇ ਫਿਲਿਪੋ ਉਂਗਾਰੋ ਨੇ ਕਿਹਾ ਕਿ 60 ਬਚੇ ਹੋਏ ਲੋਕਾਂ ਨੂੰ ਲੈਂਪੇਡੂਸਾ ਦੇ ਇੱਕ ਕੇਂਦਰ ਵਿੱਚ ਲਿਆਂਦਾ ਗਿਆ ਹੈ। ਅਧਿਕਾਰੀਆਂ ਨੇ ਹੁਣ ਤੱਕ 20 ਲਾਸ਼ਾਂ ਬਰਾਮਦ ਕੀਤੀਆਂ ਹਨ ਅਤੇ 12 ਤੋਂ 17 ਹੋਰਾਂ ਦੀ ਭਾਲ ਜਾਰੀ ਹੈ। ਇਹ ਸਪੱਸ਼ਟ ਨਹੀਂ ਹੈ ਕਿ ਇਹ ਪ੍ਰਵਾਸੀ ਕਿੰਨੇ ਸਮੇਂ ਤੋਂ ਸਮੁੰਦਰ ਵਿੱਚ ਸਨ। UNHCR ਦੇ ਅਨੁਸਾਰ, ਇਸ ਸਾਲ ਹੁਣ ਤੱਕ 675 ਪ੍ਰਵਾਸੀ ਭੂਮੱਧ ਸਾਗਰ ਪਾਰ ਕਰਨ ਦੀ ਕੋਸ਼ਿਸ਼ ਕਰਦੇ ਹੋਏ ਮਾਰੇ ਗਏ ਹਨ, ਜਿਸ ਵਿੱਚ ਇਹ ਹਾਦਸਾ ਸ਼ਾਮਿਲ ਨਹੀਂ ਹੈ।

# ਤੇਜ ਰਫਤਾਰ ਪਿੱਕਅੱਪ ਟਰੱਕ ਨੇ ਮਾਂ ਧੀ ਦੀ ਜਾਨ ਲੈ ਲਈ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਪਿਛਲੇ ਮਹੀਨੇ ਯਾਨੀ ਜੁਲਾਈ ਵਿੱਚ ਓਂਟੈਰੀਓ ਸੂਬੇ ਦੇ ਹਮਿਲਟਨ ਵਿੱਚ ਇੱਕ ਭਿਆਨਕ ਸੜਕ ਹਾਦਸਾ ਵਾਪਰਿਆ ਸੀ ਜਿਸ ਵਿੱਚ ਇੱਕ 10 ਸਾਲ ਦੀ ਬੱਚੀ ਤੇ ਉਸਦੀ ਮਾਂ ਦੀ ਮੌਤ ਹੋ ਗਈ ਸੀ ਇਸ ਮਾਮਲੇ ਵਿੱਚ ਪੁਲਿਸ ਵੱਲੋਂ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਪੁਲਿਸ ਨੇ ਇਸ ਹਾਦਸੇ ਸਬੰਧੀ ਸੂਚਨਾ ਦਿੰਦਿਆਂ ਦੱਸਿਆ ਕਿ 6 ਜੁਲਾਈ ਨੂੰ ਮਿਲਟਨ ਦੇ ਟ੍ਰਿਨਿਟੀ ਚਰਚ ਰੋਡ ਅਤੇ ਗਾਇਅਟ ਰੋਡ ਉੱਪਰ ਇੱਕ ਤੇਜ਼ ਰਫਤਾਰ ਪਿਕਅਪ ਟਰੱਕ ਨੇ ਇੱਕ ਗੱਡੀ ਨੂੰ ?ਵਰਟੇਕ ਕਰਦਿਆਂ ਸਾਹਮਣੇ ਤੋਂ ਆ ਰਹੀ ਕਾਰ ਨੂੰ ਟੱਕਰ ਮਾਰ ਦਿੱਤੀ ਸੀ ਜਿਸ ਉਪਰੰਤ ਇਹ ਕਾਰ ਪਿੱਛੋਂ ਆ ਰਹੀ ਇੱਕ ਹੋਰ ਗੱਡੀ ਨਾਲ ਜਾ ਟਕਰਾਈ ਇਸ ਹਾਦਸੇ ਕਾਰਨ ਕਾਰ ਸਵਾਰ ਚਾਰ ਜਣੇ ਬੁਰੀ ਤਰ੍ਹਾਂ ਜ਼ਖਮੀ ਹੋਏ ਸਨ ਜਿਨਾਂ ਵਿੱਚੋਂ 10 ਸਾਲ ਦੀ ਬੱਚੀ ਅਤੇ ਉਸਦੀ ਮਾਂ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਚ ਦਾਖਲ ਕਰਵਾਇਆ ਗਿਆ ਸੀ ਜਿੱਥੇ ਮਾਂ ਅਤੇ ਉਸ ਦੀ ਬੱਚੀ ਦੀ ਮੌਤ ਹੋ ਗਈ ਸੀ। ਇਸ ਮਾਮਲੇ ਵਿੱਚ ਪਿਕਅਪ ਟਰੱਕ ਦੇ 24 ਸਾਲਾਂ ਡਰਾਈਵਰ ਜਿਸ ਦੀ ਪਹਿਚਾਣ ਜੈਸੀ ਵੁੱਡ ਦੇ ਤੌਰ ਤੇ ਹੋਈ ਹੈ ਵੱਲੋਂ ਪੁਲਿਸ ਸਾਹਮਣੇ ਆਤਮ ਸਮਰਪਣ ਕਰ ਦਿੱਤਾ ਗਿਆ ਸੀ, ਜਿਸ ਉਪਰੰਤ ਪੁਲਿਸ ਨੇ ਉਸ ਨੂੰ ਗ੍ਰਿਫਤਾਰ ਕਰਕੇ ਉਸ ਉੱਪਰ ਕਈ ਧਾਰਾਵਾਂ ਅਧੀਨ ਮਾਮਲਾ ਦਰਜ ਕਰ ਲਿਆ ਹੈ। ਪੁਲਿਸ ਨੇ ਦੱਸਿਆ ਕਿ ਜਿਸ ਵਕਤ ਇਹ ਹਾਦਸਾ ਹੋਇਆ ਦੋਸ਼ੀ ਡਰਾਈਵਰ ਵੱਲੋਂ 60 ਕਿਲੋਮੀਟਰ ਪ੍ਰਤੀ ਘੰਟਾ ਵਾਲੇ ਜੋਨ ਦੇ ਵਿੱਚ 155 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਗੱਡੀ ਚਲਾਈ ਜਾ ਰਹੀ ਸੀ।

## ਗਾਜ਼ਾ ਸ਼ਹਿਰ ਵਿੱਚ ਇਜ਼ਰਾਇਲੀ ਹਮਲੇ ਵਿੱਚ ਅਲ ਜਜ਼ੀਰਾ ਦੇ ਚਾਰ ਪੱਤਰਕਾਰ ਅਤੇ ਇੱਕ ਸਹਾਇਕ ਮਾਰੇ ਗਏ।

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਇਜ਼ਰਾਈਲ ਵੱਲੋਂ ਗਾਜ਼ਾ ਵਿਚ ਕੀਤੇ ਹਵਾਈ ਹਮਲੇ ਵਿਚ ਅਲ ਜਜ਼ੀਰਾ ਦੇ 4 ਪੱਤਰਕਾਰਾਂ ਸਮੇਤ ਪੰਜ ਵਿਅਕਤੀ ਮਾਰੇ ਗਏ ਹਨ। ਇਨ੍ਹਾਂ ਪੱਤਰਕਾਰਾਂ ਵਿੱਚ ਅਨਾਸ ਅਲ ਸ਼ਰੀਫ਼ ਦੀ ਸ਼ਾਮਿਲ ਹੈ ਜਿਸ ਨੂੰ ਇਜ਼ਰਾਈਲ ਹਮਾਸ ਸੈੱਲ ਦਾ ਆਗੂ ਮੰਨਦਾ ਹੈ। ਅਲ ਜਜ਼ੀਰਾ ਨੇ ਕਿਹਾ ਕਿ ਮਾਰੇ ਗਏ ਹੋਰਨਾਂ ਪੱਤਰਕਾਰਾਂ ਵਿੱਚ ਮੁਹੰਮਦ ਕਰੀਕੇਹ, ਇਬਰਾਹਿਮ ਜ਼ਾਹਰ ਅਤੇ ਮੁਹੰਮਦ ਨੌਫਲ ਸ਼ਾਮਿਲ ਹਨ। ਇਜ਼ਰਾਇਲੀ ਫੌਜ ਨੇ ਵੀ ਇਸ ਹਮਲੇ ਵਿੱਚ ਅਲ ਜਜ਼ੀਰਾ ਦੇ ਪੱਤਰਕਾਰ ਨੂੰ ਮਾਰ ਮੁਕਾਉਣ ਦਾ ਦਾਅਵਾ ਕੀਤਾ ਹੈ। ਉਧਰ ਮਨੁੱਖੀ ਹੱਕਾਂ ਬਾਰੇ ਕਾਰਕੁਨਾਂ ਨੇ ਕਿਹਾ ਕਿ ਸ਼ਰੀਫ਼ ਨੂੰ ਗਾਜ਼ਾ ਜੰਗ ਬਾਰੇ ਕੀਤੀ ਰਿਪੋਰਟਿੰਗ ਲਈ ਨਿਸ਼ਾਨਾ ਬਣਾਇਆ ਗਿਆ ਹੈ ਤੇ ਇਜ਼ਰਾਈਲ ਦੇ ਦਾਅਵੇ ਖੋਖਲੇ ਹਨ। ਗਾਜ਼ਾ ਦੇ ਅਧਿਕਾਰੀਆਂ ਅਤੇ ਅਲ ਜਜ਼ੀਰਾ ਨੇ ਦੱਸਿਆ ਕਿ 28 ਸਾਲਾ ਅਨਸ ਅਲ ਸ਼ਰੀਫ, ਅਲ ਜਜ਼ੀਰਾ ਦੇ ਚਾਰ ਪੱਤਰਕਾਰਾਂ ਅਤੇ ਇੱਕ ਸਹਾਇਕ ਦੇ ਸਮੂਹ ਵਿੱਚ ਸ਼ਾਮਲ ਸੀ ਜੋ ਪੂਰਬੀ ਗਾਜ਼ਾ ਸ਼ਹਿਰ ਵਿੱਚ ਸ਼ਿਫਾ ਹਸਪਤਾਲ ਨੇੜੇ ਇੱਕ ਤੰਬੂ 'ਤੇ ਹੋਏ ਹਮਲੇ ਵਿੱਚ ਮਾਰੇ ਗਏ ਸਨ।













# ਚੈਸਟਰਮੀਅਰ ਤੋਂ ਮੌਜੂਦਾ ਕੌਂਸਲਰ ਕਿਰਨ ਰੰਧਾਵਾ ਨੇ ਉਹਨਾਂ ਨੂੰ ਦੁਬਾਰਾ ਚੁਣਨ ਦੀ ਅਪੀਲ ਕੀਤੀ




ਚੈਸਟਰਮੀਅਰ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਨਾਲ ਲੱਗਦੇ ਝੀਲਾਂ ਦੇ ਸਹਿਰ ਵੱਜੋਂ ਜਾਣੇ ਜਾਂਦੇ ਚੈਸਟਰਮੀਅਰ ਵਿੱਚ ਅਕਤੂਬਰ ਮਹੀਨੇ ਆ ਰਹੀਆਂ ਸਿਟੀ ਦੀਆਂ ਚੋਣਾਂ ਲਈ ਮੈਦਾਨ ਭਖ ਗਿਆ ਹੈ।ਬੀਤੇ ਇੱਕ ਸਾਲ ਤੋਂ ਕੌਂਸਲਰ ਅਤੇ ਡਿਪਟੀ ਮੇਅਰ ਦੀਆਂ ਸੇਵਾਵਾਂ ਨਿਭਾ ਚੁੱਕੀ ਪੰਜਾਬੀ ਮੂਲ ਦੀ ਕਿਰਨ ਰੰਧਾਵਾ ਨੇ ਅਗਲੀਆਂ ਚੋਣਾਂ ਲਈ ਬਿਗਲ ਵਜਾ ਦਿੱਤਾ ਹੈ।ਆਪਣੀ ਚੋਣ ਮੁਹਿੰਮ ਦਾ ਆਗਾਜ਼ ਕਰਦਿਆਂ ਇੱਕ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਪੰਜਾਬੀ ਭਾਈਚਾਰੇ ਦੇ ਵੱਡੇ ਇਕੱਠ ਦੌਰਾਨ ਉਹਨਾਂ ਨੂੰ ਚੈਸਟਰਮੀਅਰ ਦੇ ਮੌਜੂਦਾ ਮੇਅਰ ਸ਼ੈਨਨ ਡੀਨ ਅਤੇ ਹੋਰ ਕੌਂਸਲਰਾਂ ਦੀ ਹਮਾਇਤ ਦਿਖਾਈ ਦਿੱਤੀ। ਮੇਅਰ ਸ਼ੈਨਨ ਨੇ ਕਿਰਨ ਰੰਧਾਵਾ ਦੇ ਹੱਕ ਵਿੱਚ ਬੋਲਦਿਆਂ ਬੀਤੇ ਸਮੇਂ ਦੀਆਂ ਪਰਾਪਤੀਆਂ ਦਾ ਜ਼ਿਕਰ ਕਰਦਿਆਂ ਕਿਰਨ ਲਈ ਵੋਟਾਂ ਮੰਗੀਆਂ। ਪੰਜਾਬੀ ਭਾਈਚਾਰੇ ਦੀ ਨਾਮਵਰ ਸ਼ਖਸ਼ੀਅਤ ਰਘਵੀਰ ਬਾਸਾਤੀ ਨੇ ਕਿਹਾ ਕਿ ਕਿਰਨ ਰੰਧਾਵਾ ਵਿੱਚ ਹਰ ਕਿਸੇ ਨੂੰ ਹਰ ਸਮੇਂ ਮਿਲਣ ਅਤੇ ਬੀਤੇ ਵਿੱਚ ਕੀਤੇ ਕੰਮਾਂ ਦਾ ਤਜ਼ਰਬਾ ਹਾਸਿਲ ਹੈ ਇਸ ਲਈ ਉਹ ਆਪਣੀ ਵੋਟ ਦੀ ਹੱਕਦਾਰ ਹੈ। ਕਿਰਨ ਰੰਧਾਵਾ ਨੇ ਆਪਣੇ ਲਈ ਵੋਟਾਂ ਦੀ ਮੰਗ ਕਰਦਿਆਂ ਕਿਹਾ ਕਿ ਉਸਨੇ ਬੀਤੇ ਸਿਰਫ ਇੱਕ ਸਾਲ ਦੌਰਾਨ ਹੀ ਚੈਸਟਰਮੀਅਰ ਲਈ ਪੂਰੀ ਵਾਹ ਲਾਈ ਹੈ ਅਤੇ ਅਗਲੇ ਚਾਰ ਸਾਲਾਂ ਵਿੱਚ ਉਹ ਇਸ ਤੋਂ ਵੀ ਵੱਧਕੇ ਲੋਕ ਸੇਵਾ ਦੀ ਉਦਾਹਰਣ ਬਣਨ ਦੀ ਇੱਛਾ ਰੱਖਦੀ ਹੈ। ਇਸ ਸਮਾਗਮ ਦੌਰਾਨ ਪੰਜਾਬੀ ਭਾਈਚਾਰੇ ਦੇ ਲੋਕ ਵੱਡੀ ਗਿਣਤੀ ਵਿੱਚ ਹਾਜ਼ਿਰ ਸਨ।

# ਕਾਮਰੇਡ ਮੰਗਤ ਰਾਮ ਪਾਸਲਾ ਨੇ ਐਡਮਿੰਟਨ ਵਾਸੀਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ




ਐਡਮਿੰਟਨ ( ਸਤੀਸ਼ ਸਚਦੇਵਾ) ਮਿੱਲਵੁਡ ਕਲਚਰਲ ਸੀਨੀਅਰ ਸੁਸਾਇਟੀ ਆਫ ਦੀ ਰਿਟਾਇਰਡ ਐਂਡ ਸੈਮੀ ਰਿਟਾਇਰਡ ਐਡਮਿੰਟਨ ਦੇ ਵਿੱਚ ਪ੍ਰੋਗਰੈਸਿਵ ਪੀਪਲਜ਼ ਫਾਊਂਡੇਸ਼ਨ ਆਫ ਐਡਮਿੰਟਨ ਵੱਲੋਂ ਵਿਸ਼ੇਸ਼ ਸੈਮੀਨਾਰ ਦਾ ਆਯੋਜਨ ਕੀਤਾ ਗਿਆ । ਇਸ ਸਮਾਗਮ ਦੇ ਮੁੱਖ ਬੁਲਾਰੇ ਕਾਮਰੇਡ ਮੰਗਤ ਰਾਮ ਪਾਸਲਾ ਜੀ ਸਿਆਸੀ ਚਿੰਤਕ ਅਤੇ ਜਨਰਲ ਸਕੱਤਰ ਭਾਰਤੀ ਕਮਿਊਨਿਸਟ ਮਾਰਕਸਵਾਦੀ ਪਾਰਟੀ ਸਨ। ਇਸਦਾ ਵਿਸ਼ਾ " ਹਿੰਦੂ ਰਾਸ਼ਟਰਵਾਦ ਦਾ ਉਭਾਰ ਅਤੇ ਭਾਰਤੀ ਖੱਬੀ ਧਿਰਾਂ ਲਈ ਸੰਕਟ ਦਾ ਦੌਰ " ਸੀ। ਪ੍ਰਧਾਨਗੀ ਮੰਡਲ ਵਿੱਚ ਡਾਕਟਰ ਪੀ ਆਰ ਕਾਲੀਆ ਸੰਸਥਾ ਦੇ ਪ੍ਰਧਾਨ, ਸ਼੍ਰੀ ਸੁਖਦੇਵ ਸਿੰਘ ਬੈਨੀਪਾਲ ਸੈਕਟਰੀ ਮਿੱਲਵੁਡ ਕਲਚਰਲ ਸੁਸਾਇਟੀ, ਬਿਰਾਜਮਾਨ ਸਨ । ਮੁੱਖ ਬੁਲਾਰੇ ਕਾਮਰੇਡ ਮੰਗਤ ਰਾਮ ਪਾਸਲਾ ਨੇ ਬੋਲਦਿਆਂ ਦੱਸਿਆ ਕਿ ਹਿੰਦੂ ਰਾਸ਼ਟਰ ਦਾ ਮਤਲਬ ਜੋ ਸਿਰੋਂ ਮੋਨਾ ਹੈ ਕਲੀਨਸ਼ੇਵ ਹੈ ਉਹ ਨਹੀਂ ਮਤਲਬ ਆਰ ਐਸ ਐਸ ਹੈ ਰਾਸ਼ਟਰੀ ਸੋਇਮ ਸੰਘ ਹੈ ਜਿਸਦੀ ਸਥਾਪਨਾ 1925 ਵਿੱਚ ਹੋਈ ਸੀ, ਇਹ ਲੋਕ ਪੂਰੀ ਤਰਾਂ ਅੰਗਰੇਜ਼ ਭਗਤ ਸਨ, ਇਨ੍ਹਾਂ ਦੀ ਆਜ਼ਾਦੀ ਅੰਦੋਲਨ ਵਿੱਚ ਕੋਈ ਸ਼ਹਾਦਤ ਯੋਗਦਾਨ ਨਹੀਂ,ਇੱਕੋ ਇੱਕ ਨਿਸ਼ਾਨਾ ਹਿੰਦੂ ਰਾਸ਼ਟਰ ਕਾਇਮ ਕਰਨਾਂ ਹੈ। ਉਨ੍ਹਾਂ ਗੰਭੀਰਤਾ ਨਾਲ ਦੱਸਦਿਆਂ ਕਿਹਾ ਕਿ ਸਰਮਾਏਦਾਰ ਸੰਸਾਰ ਸਾਮਰਾਜ ਦੁਨੀਆਂ ਭਰ ਵਿੱਚ ਹੋਰ ਲੁੱਟ ਕਰਨ ਲਈ ਨਿਹੱਕੀਆਂ ਜੰਗਾਂ ਲਾ ਕੇ ਮਨੁੱਖਤਾ ਨੂੰ ਬੰਬਾਂ ਦਾ ਖਾਜਾ ਬਣਾ ਕੇ ਭੁੱਖਮਰੀ ਵਿੱਚ ਸੁੱਟ ਰਿਹਾ ਹੈ। ਮੋਦੀ ਦੀ ਹਕੂਮਤ ਵਿੱਚ ਨੋਟਬੰਦੀ, ਕਰੋਨਾਂ ਵਰਗੀਆਂ ਬਿਮਾਰੀਆਂ ਚ ਅੰਬਾਨੀ, ਅਦਾਨੀ ਵਰਗੇ ਲੁਟੇਰਿਆਂ ਨੂੰ ਦੇਸ਼ ਦਾ ਸਰਮਾਇਆ ਕੌਡੀਆਂ ਦੇ ਭਾਅ ਲੁਟਾਇਆ । ਇਸ ਮੌਕੇ ਸੰਸਥਾ ਦੇ ਮੈਂਬਰ ਲਾਡੀ ਸੂਸ, ਭੈਣ ਬਖ਼ਸ਼ ਸੰਘਾ, ਜਸਬੀਰ ਸੰਘਾ, ਅਤੇ ਹੋਰ ਮੈਂਬਰ ਸਾਹਿਬਾਨ ਨੇ ਦੇਸ਼ ਦੀਆਂ ਹਾਲਤਾਂ ਦਾ ਜ਼ਿਕਰ ਖੂਬਸੂਰਤ ਗੀਤ ਗਾ ਕੇ ਵਰਨਣ ਕੀਤਾ ਇਸ ਸਮਾਗਮ ਵਿੱਚ ਉੱਘੇ ਲੇਖਕ ਮਾਸਟਰ ਮੱਖਣ ਕੁਹਾੜ ਜੀ ਦੀ ਨਵੀਂ ਕਿਤਾਬ "ਬਲਦੇ ਰਾਹਾਂ ਦਾ ਸਫ਼ਰ " ਅਤੇ ਹੋਰ ਲੇਖਕ ਦੀ ਕਿਤਾਬ ਵੀ ਜਾਰੀ ਕੀਤੀ ਗਈ , ਸੰਸਥਾ ਦੇ ਮੈਂਬਰ ਹਰਿੰਦਰ ਹੁੰਦਲ ਨੇ ਮਤਾ ਪੇਸ਼ ਕੀਤਾ ਕਿ "ਕੈਨੇਡਾ ਦੀ ਪਾਰਲੀਮੈਂਟ ਮਤਾ ਪਾਸ ਕਰਕੇ ਇਜ਼ਰਾਈਲ ਨੂੰ ਮੱਦਦ ਦੇਣੀ ਬੰਦ ਕਰੇ "ਜਿਸਨੂੰ ਹੱਥ ਖੜ੍ਹੇ ਕਰਕੇ ਪ੍ਰਵਾਨਗੀ ਦਿੱਤੀ ਗਈ। ਇਸ ਸਮਾਗਮ ਵਿੱਚ ਜਸਵੀਰ ਦਿ-ਲ ਸਥਾਨਕ ਐਮ ਐਲ ਏ, ਸ਼੍ਰੀ ਗੁਰਤੇਜ ਸਿੰਘ ਬਰਾੜ ਨਵੇਂ ਚੁਣੇ ਗਏ ਐਮ ਐਲ ਏ ਤੋਂ ਇਲਾਵਾ ਮੀਡੀਆ ਖੇਤਰ ਤੋਂ ਜਰਨੈਲ ਬਸੋਤਾ,ਕੁਲਮੀਤ ਸੰਘਾ ਅਤੇ ਮਨਦੀਪ ਪੁਜਾਰਾ ਪਹੁੰਚੇ ਹੋਏ ਸਨ । ਐਡਮਿੰਟਨ ਸੁਸਾਇਟੀ ਦੇ ਆਗੂਆਂ ਮਾਸਟਰ ਮਹਿੰਦਰ ਸਿੰਘ, ਸ਼੍ਰੀ ਅਮਰਜੀਤ ਸਿੰਘ ਵਿਰਦੀ, ਸਤੀਸ਼ ਸਚਦੇਵਾ,ਸ਼੍ਰੀ ਦਿਲਬਾਗ ਸਿੰਘ ਰਾਏ, ਰੰਧਾਵਾ ਜੀ,ਤਲਵਿੰਦਰ ਗਰੇਵਾਲ, ਸੰਜੀਵ ਕੁਮਾਰ ਕਾਲੜਾ ਅਤੇ ਹੋਰਨਾਂ ਸਤਿਕਾਰਤ ਮੈਂਬਰਾਂ ਦਾ ਸੈਕਟਰੀ ਸ਼੍ਰੀ ਸੁਖਦੇਵ ਸਿੰਘ ਬੈਨੀਪਾਲ ਨੇ ਵਿਸ਼ੇਸ਼ ਤੌਰ ਤੇ ਸੰਸਥਾ ਦੇ ਪ੍ਰਧਾਨ ਸ਼੍ਰੀ ਸੁਦਾਗਰ ਸਿੰਘ ,ਜੋ ਕਿਸੇ ਕਾਰਨ ਸ਼ਾਮਿਲ ਨਹੀਂ ਹੋ ਸਕੇ ਸਭਨਾਂ ਦਾ ਬਹੁਤ ਬਹੁਤ ਧੰਨਵਾਦ ਕੀਤਾ

# ਆਸਟ੍ਰੇਲੀਆ ਫਲਸਤੀਨ ਨੂੰ ਇੱਕ ਦੇਸ ਵੱਜੋਂ ਮਾਨਤਾ ਦੇਵੇਗਾ!



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ੀ ਨੇ ਕਿਹਾ ਹੈ ਕਿ ਉਹ ਫਿਲਸਤੀਨੀ ਦੇਸ਼ ਨੂੰ ਮਾਨਤਾ ਦੇਣਗੇ ਅਤੇ ਫਰਾਂਸ, ਬਰਤਾਨੀਆਂ ਅਤੇ ਕੈਨੇਡਾ ਦੇ ਨੇਤਾਵਾਂ ਨਾਲ ਮਿਲ ਕੇ ਅਜਿਹਾ ਕਰਨਗੇ। ਉਨ੍ਹਾਂ ਦੀ ਇਹ ਟਿਪਣੀ ਉਨ੍ਹਾਂ ਦੀ ਕੈਬਨਿਟ ਦੇ ਅੰਦਰ ਅਤੇ ਆਸਟਰੇਲੀਆ ਦੇ ਕਈ ਲੋਕਾਂ ਵਲੋਂ ਫਲਸਤੀਨੀ ਰਾਜ ਨੂੰ ਮਾਨਤਾ ਦੇਣ ਦੀ ਅਪੀਲ ਕਰਨ ਅਤੇ ਗਾਜ਼ਾ ਵਿਚ ਦੁੱਖਾਂ ਨੂੰ ਲੈ ਕੇ ਉਨ੍ਹਾਂ ਦੀ ਸਰਕਾਰ ਦੇ ਅਧਿਕਾਰੀਆਂ ਦੀ ਵੱਧ ਰਹੀ ਆਲੋਚਨਾ ਦੇ ਵਿਚਕਾਰ ਆਈ ਹੈ। ਆਸਟਰੇਲੀਆ ਦੀ ਸਰਕਾਰ ਨੇ ਇਜ਼ਰਾਈਲ ਦੇ ਨੇਤਾ ਬੈਂਜਾਮਿਨ ਨੇਤਨਯਾਹੂ ਵੱਲੋਂ ਗਾਜ਼ਾ 'ਚ ਨਵੇਂ ਫੌਜੀ ਹਮਲੇ ਲਈ ਹਾਲ ਹੀ ਦੇ ਦਿਨਾਂ 'ਚ ਐਲਾਨੀ ਗਈ ਯੋਜਨਾ ਦੀ ਵੀ ਆਲੋਚਨਾ ਕੀਤੀ ਹੈ। ਅਲਬਾਨੀਜ਼ ਨੇ ਕੈਬਨਿਟ ਦੀ ਬੈਠਕ ਤੋਂ ਬਾਅਦ ਪੱਤਰਕਾਰਾਂ ਨੂੰ ਦਸਿਆ ਕਿ ਫਲਸਤੀਨੀ ਰਾਜ ਨੂੰ ਮਾਨਤਾ ਦੇਣ ਦੇ ਆਸਟ੍ਰੇਲੀਆ ਦੇ ਫੈਸਲੇ ਨੂੰ ਸਤੰਬਰ ਵਿੱਚ ਸੰਯੁਕਤ ਰਾਸ਼ਟਰ ਮਹਾਸਭਾ ਵਿੱਚ ਰਸਮੀ ਰੂਪ ਦਿੱਤਾ ਜਾਵੇਗਾ। ਅਲਬਾਨੀਜ਼ ਨੇ ਕਿਹਾ ਕਿ ਇਹ ਪ੍ਰਵਾਨਗੀ ਫਿਲਸਤੀਨੀ ਅਥਾਰਟੀ ਤੋਂ ਆਸਟ੍ਰੇਲੀਆ ਨੂੰ ਮਿਲੀਆਂ ਵਚਨਬੱਧਤਾਵਾਂ ਉਤੇ ਨਿਰਭਰ ਕਰਦੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਵਚਨਬੱਧਤਾਵਾਂ ਵਿੱਚ ਫਲਸਤੀਨੀ ਸਰਕਾਰ ਵਿੱਚ ਹਮਾਸ ਦੀ ਕੋਈ ਭੂਮਿਕਾ ਨਹੀਂ, ਗਾਜ਼ਾ ਦਾ ਫੌਜੀਕਰਨ ਅਤੇ ਚੋਣਾਂ ਕਰਵਾਉਣਾ ਸ਼ਾਮਿਲ ਹੈ।

# ਤਰਕਸ਼ੀਲ ਮੇਲੇ ਵਿੱਚ "ਛਿਪਣ ਤੋਂ ਪਹਿਲਾਂ" ਨਾਟਕ ਦੀ ਪੇਸ਼ਕਾਰੀ ਨੇ ਦਰਸ਼ਕ ਕੀਲ ਲਏ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੀ 16 ਅਗਸਤ ਦਿਨ ਸ਼ਨੀਵਾਰ ਨੂੰ ਤਰਕਸ਼ੀਲ (ਰੈਸ਼ਨਲਿਸਟ) ਸੁਸਾਇਟੀ ਇਕਾਈ ਕੈਲਗਰੀ ਵੱਲੋਂ ਚੈਸਟਰਮੀਅਰ ਦੇ ਕਮਿਊਨਿਟੀ ਹਾਲ ਵਿੱਚ ਤਰਕਸ਼ੀਲ ਮੇਲਾ ਕਰਵਾਇਆ ਗਿਆ। ਜਿਸ ਵਿੱਚ ਡਾ: ਸੁਰਿੰਦਰ ਸ਼ਰਮਾ ਵੱਲੋਂ ਨਿਰਦੇਸ਼ ਕੀਤਾ ਗਿਆ ਨਾਟਕ "ਛਿਪਣ ਤੋਂ ਪਹਿਲਾਂ" ਕੈਲਗਿਰੀ ਦੇ ਸਥਾਨਕ ਕਲਾਕਾਰਾ ਵੱਲੋ ਖੇਡਿਆ ਗਿਆ। ਖਚਾਖਚ ਭਰੇ ਹਾਲ ਵਿੱਚ ਹਰ ਅੱਖ ਵਿੱਚੋ ਹੰਝੂ ਕਿਰੇ। ਸੁਰਿੰਦਰ ਸ਼ਰਮਾ ਨੇ ਕਮਾਲ ਦੀ ਪੇਸ਼ਕਾਰੀ ਕਰਕੇ ਦਰਸ਼ਕਾਂ ਨੂੰ ਭਾਵੁਕ ਕਰ ਦਿੱਤਾ। ਤਰਕਸ਼ੀਲ (ਰੈਸ਼ਨਲਿਸਟ) ਸੁਸਾਇਟੀ ਕਨੈਡਾ ਦੇ ਪ੍ਰਧਾਨ ਬਲਦੇਵ ਰੈਹਿਪਾ ਜੀ ਬਰੈਂਪਟਨ ਤੋਂ ਮੁੱਖ ਮਹਿਮਾਨ ਦੇ ਤੌਰ ਤੇ ਹਾਜ਼ਿਰ ਹੋਏ ਅਤੇ ਆਪਣੇ ਵਿਚਾਰ ਪੇਸ਼ ਕੀਤੇ। ਇਹ ਮੇਲਾ ਡਾ:ਬਲਜਿੰਦਰ ਸੇਖੋਂ ਮੀਡੀਆ ਸਕੱਤਰ ਤਰਕਸ਼ੀਲ ਸੁਸਾਇਟੀ ਕਨੇਡਾ ਨੂੰ ਸਮਰਪਿਤ ਸੀ।ਤਰਕਸ਼ੀਲ ਸੁਸਾਇਟੀ ਐਬਟਸਫੋਰਡ ਦੀ ਟੀਮ ਵੀ ਇਸ ਮੇਲੇ ਦਾ ਹਿੱਸਾ ਬਣੀ। ਬੀਰਬਲ ਭਦੌੜ, ਗੁਰਪ੍ਰੀਤ ਭਦੌੜ, ਬਲਦੇਵ ਭਦੌੜ ਦੁਆਰਾ ਕੀਤੇ ਜਾਦੂ ਦੇ ਟਰਿੱਕ ਵੀ ਖਿੱਚ ਦਾ ਕੇਂਦਰ ਰਹੇ। ਗੁਰਪ੍ਰੀਤ ਨੇ ਟਰਿੱਕਾਂ ਦੇ ਨਾਲ-ਨਾਲ ਦਰਸ਼ਕਾਂ ਨੂੰ ਹਸਾ ਹਸਾਕੇ ਢਿੱਡੀ ਪੀੜਾਂ ਪਾ ਦਿੱਤੀਆਂ। ਇਸ ਮੌਕੇ ਚੈਸਟਰਮੀਅਰ ਦੀ ਕੌਂਸਲਰ ਕਿਰਨ ਰੰਧਾਵਾ ਨੇ ਵੀ ਆਪਣੇ ਵਿਚਾਰ ਰੱਖੇ। ਮੇਲੇ ਵਿੱਚ ਸੰਤ ਰਾਮ ਉਦਾਸੀ ਦੇ ਗੀਤਾਂ ਨੂੰ ਸਿਮਰਿਤਾ ਦੀ ਪੇਸ਼ਕਾਰੀ ਨੇ ਦਰਸ਼ਕਾਂ ਦਾ ਮਨ ਮੋਹ ਲਿਆ। ਪ੍ਰੋਗਰਾਮ ਦੇ ਅਖੀਰ ਵਿੱਚ ਪ੍ਰਧਾਨ ਦਰਸ਼ਨ ਔਜਲਾ ਨੇ ਆਏ ਮਹਿਮਾਨਾ, ਦਰਸ਼ਕਾਂ ਦਾ ਧੰਨਵਾਦ ਕੀਤਾ। ਪ੍ਰੋਗਰਾਮ ਦਾ ਸਟੇਜ ਸੰਚਾਲਨ ਬੀਰਬਲ ਭਦੌੜ ਜਨਰਲ ਸੱਕਤਰ ਤਰਕਸ਼ੀਲ (ਰੈਸ਼ਨਲਿਸਟ)ਸੁਸਾਇਟੀ ਕਨੇਡਾ ਨੇ ਬਾਖੂਬੀ ਨਿਭਾਇਆ।

# ਪਾਕਿਸਤਾਨੀ ਆਗੂ ਆਪਣੀ ਜ਼ੁਬਾਨ ਨੂੰ ਲਗਾਮ ਦੇਣ ਨਹੀਂ ਤਾਂ ਕਿਸੇ ਵੀ ਗ਼ਲਤੀ ਦੇ 'ਦੁੱਖਦਾਈ ਨਤੀਜੇ' ਹੋਣਗੇ- ਜੈਸਵਾਲ



ਨਵੀਂ ਦਿੱਲੀ (ਪੰਜਾਬੀ ਅਖ਼ਬਾਰ ਬਿਊਰੋ) ਭਾਰਤ ਸਰਕਾਰ ਨੇ ਪਾਕਿਸਤਾਨ ਨੂੰ ਭਾਰਤ ਵਿਰੁੱਧ 'ਨਫ਼ਰਤੀ' ਬਿਆਨ ਦੇਣ ਵਿਰੁਧ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਪਾਕਿਸਤਾਨੀ ਆਗੂ ਅਪਣੀ ਜ਼ੁਬਾਨ ਨੂੰ ਲਗਾਮ ਦੇਣ ਕਿਉਂਕਿ ਕਿਸੇ ਵੀ ਗ਼ਲਤੀ ਦੇ 'ਦੁਖਦਾਈ ਨਤੀਜੇ' ਹੋਣਗੇ। ਵਿਦੇਸ਼ ਮੰਤਰਾਲੇ ਦੀ ਇਹ ਪ੍ਰਤੀਕਿਰਿਆ ਪਾਕਿਸਤਾਨੀ ਫ਼ੌਜ ਮੁਖੀ ਅਸੀਮ ਮੁਨੀਰ ਵੱਲੋਂ ਭਾਰਤ ਨੂੰ ਪ੍ਰਮਾਣੂ ਧਮਕੀ ਦੇਣ ਅਤੇ ਬਿਲਾਵਲ ਭੁੱਟੋ ਜ਼ਰਦਾਰੀ ਦੀਆਂ ਕੁੱਝ ਟਿਪਣੀਆਂ ਤੋਂ ਬਾਅਦ ਆਈ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ, "ਅਸੀਂ ਪਾਕਿਸਤਾਨੀ ਲੀਡਰਸ਼ਿਪ ਵੱਲੋਂ ਭਾਰਤ ਵਿਰੁੱਧ ਕੀਤੀਆਂ ਜਾ ਰਹੀਆਂ ਲਾਪਰਵਾਹੀ, ਜੰਗ ਅਤੇ ਨਫ਼ਰਤ ਭਰੀਆਂ ਟਿਪਣੀਆਂ ਦੀਆਂ ਰਿਪੋਰਟਾਂ ਦੇਖੀਆਂ ਹਨ।" ਉਨ੍ਹਾਂ ਕਿਹਾ, "ਆਪਣੀਆਂ ਅਸਫ਼ਲਤਾਵਾਂ ਨੂੰ ਛੁਪਾਉਣ ਲਈ ਵਾਰ-ਵਾਰ ਭਾਰਤ ਵਿਰੋਧੀ ਬਿਆਨ ਦੇਣਾ ਪਾਕਿਸਤਾਨੀ ਲੀਡਰਸ਼ਿਪ ਦਾ ਇੱਕ ਜਾਣਿਆ-ਪਛਾਣਿਆ ਢੰਗ ਹੈ।" ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਕਿਹਾ, "ਪਾਕਿਸਤਾਨ ਨੂੰ ਆਪਣੀ ਬਿਆਨਬਾਜ਼ੀ 'ਤੇ ਰੋਕ ਲਗਾਉਣ ਦੀ ਚੇਤਾਵਨੀ ਦਿੱਤੀ ਜਾਂਦੀ ਹੈ ਕਿਉਂਕਿ ਕਿਸੇ ਵੀ ਗ਼ਲਤੀ ਦੇ ਦਰਦਨਾਕ ਨਤੀਜੇ ਹੋਣਗੇ, ਜਿਵੇਂ ਕਿ ਬੀਤੇ ਸਮੇਂ ਵਿੱਚ ਪਾਕਿਸਤਾਨ ਵੇਖ ਚੁੱਕਾ ਹੈ ।"

# ਨਾਰਥ ਕੈਲਗਰੀ ਕਲਚਰਲ ਐਸੋਸੀਏਸਨ ਆਲੇ ਬਜੁਰਗ ਝੀਲਾਂ ਕਿਨਾਰੇ ਘੁੰਮਣ ਗਏ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪਿਛਲੇ ਦਿਨੀਂ ਨਾਰਥ ਕੈਲਗਰੀ ਕਲਚਰਲ ਐਸੋਸੀਏਸਨ ਦੇ ਮੈਬਰਜ ਸੇਲਵਨ ਲੇਕ ਦੇ ਟੂਰ ਲਈ ਗਏ। ਤਕਰੀਬਨ 100 ਮੈਬਰਾਂ ਦਾ ਕਾਫ਼ਲਾ ਦੋ ਬੱਸਾਂ ਵਿੱਚ ਬੈਠ ਕੇ 9:30 ਵਜੇ ਵੀਵੋ ਦੀ ਪਾਰਕਿੰਗ ਵਿੱਚੋਂ ਆਪਣੀ ਮਿਥੀ ਮੰਜ਼ਿਲ ਲਈ ਰਵਾਨਾ ਹੋਇਆ। ਸੰਗੀਤਮਈ ਮਹੌਲ ਵਿੱਚ ਗੱਲਾਂ ਬਾਤਾਂ ਕਰਦੇ ਪਤਾ ਨਹੀਂ ਲੱਗਾ ਕਿਹੜੇ ਵੇਲੇ ਪਹੁੰਚ ਗਏ। ਲੇਕ ਦੇ ਬਿਲਕੁਲ ਕਿਨਾਰੇ ਮਨਪਸੰਦ ਜਗਾ ਤੇ ਮੈਂਬਰਾਂ ਨੇ ਗੋਲ ਦਾਇਰੇ ਵਿੱਚ ਆਪਣੀਆਂ ਕੁਰਸੀਆਂ ਸਜਾ ਲਈਆਂ। ਹਾਸੇ ਦਾ ਮਹੌਲ ਸ਼ੁਰੂ ਹੋ ਗਿਆ।ਪਤਾ ਨਹੀ ਲੱਗ ਰਿਹਾ ਸੀ ਕਿ ਚੁਟਕਲੇ ਦੇ ਉੱਪਰ ਚੁਟਕਲੇ ਦੀ ਬਰਸਾਤ ਕਿਵੇ ਆ ਰਹੀ ਹੈ। ਇਸ ਵਿੱਚ ਯੋਗਦਾਨ ਪਾਇਆ ਕਰਮ ਸਿੰਘ ਮੁੰਡੀ,ਕਰਮ ਸਿੰਘ ਭੁੱਲਰ,ਭਜਨ ਸਿੰਘ ਸਾਗੂ,ਵਿਜੈ ਸਚਦੇਵਾ, ਤਰਲੋਕ ਸਿੰਘ ਚੁੱਘ, ਗੁਰਦਿਆਲ ਸਿੰਘ ਖੈਹਰਾ ਅਤੇ ਹੋਰ ਕਈ ਮੈਂਬਰਾਂ ਨੇ। ਐਸੋਸੀਏਸ਼ਨ ਦੇ ਪ੍ਰਧਾਨ ਪਲਾਹਾ ਜੀ ਨੇ ਤਾਂ ਉਸ ਦਿਨ ਹੱਦ ਹੀ ਕਰ ਦਿੱਤੀ। ਆਪਣੇ ਪ੍ਰਧਾਨ ਦਾ ਇਹ ਚੁਟਕਲਿਆਂ ਵਾਲਾ ਨਵਾਂ ਰੂਪ ਵੇਖਕੇ ਸਾਰੇ ਮੈਂਬਰ ਅਚੰਭਿਤ ਹੋ ਰਹੇ ਸਨ।ਪੰਜਾਬ ਤੋਂ ਆਏ ਇੰਜੀ ਵਰਮਾ ਨੇ ਸੰਗੀਤਮਈ ਮਹੌਲ ਸਿਰਜਦੇ ਹੋਏ ਮਿਊਜ਼ਿਕ ਦੇ ਨਾਲ ਇੱਕ ਪੁਰਾਣੀ ਹਿੰਦੀ ਫਿਲਮ ਦਾ ਗੀਤ ਸੁਣਾਇਆ। ਲੇਕ ਦੇ ਬਿਲਕੁਲ ਕਿਨਾਰੇ ਹੋਣ ਕਰ ਕਿ ਹਵਾ ਵੀ ਬਹੁਤ ਤੇਜ਼ ਚੱਲ ਰਹੀ ਸੀ।ਬਾਰ ਬਾਰ ਇਹ ਫਿਲਮੀ ਗੀਤ ਕਰਨ ਚੇਤੇ ਆ ਰਿਹਾ ਸੀ ਕਿ 'ਸਾਵਣ ਕਾ ਮਹੀਨਾ ਪਵਨ ਕਰੇ ਸ਼ੋਰ'।ਇਸ ਭਰਪੂਰ ਅਤੇ ਸੰਗੀਤਮਈ ਮਹੌਲ ਦੇ ਚੱਲਦੇ ਪੀਜਾ ਸਮੇਤ ਕਾਫ਼ੀ ਤੇ ਕੋਲਡ ਡਰਿੰਕ ਵੀ ਪਹੁੰਚ ਗਏ । ਸੈਕਟਰੀ ਨੇ ਪਹਿਲਾਂ ਤੋਂ ਚੁਣੇ ਹੋਏ ਠੇਠ ਪੰਜਾਬੀ ਲੋਕ ਗੀਤ ਪਲੇਅ ਕਰਨੇ ਸ਼ੁਰੂ ਕਰ ਦਿੱਤੇ ਅਤੇ ਬੀਬੀਆਂ ਨੇ ਤੀਆਂ ਮਨਾਉਣੀਆਂ ਸ਼ੁਰੂ ਕਰ ਦਿੱਤੀਆਂ। ਤਕਰੀਬਨ ਇੱਕ ਘੰਟੇ ਤੱਕ ਇੱਕ ਤੋ ਬਾਦ ਇੱਕ ਗੀਤ ਚਲਦੇ ਗਏ।ਵਾਪਿਸੀ ਮੌਕੇ ਬੱਸ ਦੇ ਇੰਚਾਰਜ ਨੇ ਸਾਰੇ ਮੈਂਬਰਾਂ ਦਾ ਸਹਿਯੋਗ ਦੇਣ ਲਈ ਅਤੇ ਅਨੁਸ਼ਾਸਨ ਵਿੱਚ ਰਹਿਣ ਲਈ ਧੰਨਵਾਦ ਕੀਤਾ ਇਹ ਭੀਗੇ ਭੀਗੇ ਮੋਸਮ ਵਿੱਚ ਤੀਆਂ ਅਤੇ ਆਊਟ ਡੋਰ ਪਿਕਨਿਕ ਦਾ ਇਹ ਨਜ਼ਾਰਾ ਇੱਕ ਯਾਦਮਈ ਹੋ ਨਿੱਬੜਿਆ।

# ਕੈਲੋਨਾ ਦੇ ਨੇੜਲੇ ਸ਼ਹਿਰ ਵਰਨਣ ਵਿਖੇ ਕਬੱਡੀ ਕੱਪ ਕਰਵਾਇਆ ਗਿਆ



ਕੈਲੋਨਾ (ਪੰਜਾਬੀ ਅਖਬਾਰ ਬਿਊਰੋ) ਬੀਤੇ ਦਿਨੀ ਕੈਲੋਨਾ ਦੇ ਨੇੜਲੇ ਸ਼ਹਿਰ ਵਰਣਨ ਵਿਖੇ ਨੈਸ਼ਨਲ ਕਬੱਡੀ ਫੈਡਰੇਸ਼ਨ ਆਫ ਕੈਨੇਡਾ ਵੱਲੋਂ ਵਰਨਣ ਕਬੱਡੀ ਕੱਪ 17 ਅਗਸਤ ਨੂੰ ਡੀਐਨਡੀ ਸਾਕਰ ਫੀਲਡ ਵਿਖੇ ਕਰਵਾਇਆ ਗਿਆ। ਕੱਪ ਦਾ ਉਦਘਾਟਨ ਗੁਰਦੁਆਰਾ ਸਾਹਿਬ ਦੀ ਕਮੇਟੀ ਵੱਲੋਂ ਗ੍ਰੰਥੀ ਸਾਹਿਬ ਵੱਲੋਂ ਗੁਰੂ ਮਹਾਰਾਜ ਅੱਗੇ ਅਰਦਾਸ ਕਰਕੇ ਆਰੰਭ ਕੀਤਾ ਗਿਆ। ਇਸ ਮੌਕੇ ਨੈਸ਼ਨਲ ਕਬੱਡੀ ਐਸੋਸੀਏਸ਼ਨ ਆਫ ਬੀਸੀ ਦੀਆਂ ਛੇ ਟੀਮਾਂ ਦੇ ਕਰਵਾਏ ਸੱਤ ਮੈਚਾਂ ਵਿੱਚ ਧਾਵੀਆਂ ਨੇ ਕੁੱਲ 463 ਕਬੱਡੀਆਂ ਪਾ ਕੇ 388 ਅੰਕ ਪ੍ਰਾਪਤ ਕੀਤੇ। ਜਾਫੀਆਂ ਵੱਲੋਂ 75 ਜੱਫੇ ਲਾਏ ਗਏ। ਇਸ ਕੱਪ ਵਿੱਚ ਯੰਗ ਸਪੋਰਟਸ ਕਬੱਡੀ ਕਲੱਬ 49 ਅੰਕ ਅਤੇ ਦੂਜੇ ਨੰਬਰ ਤੇ ਯੂਥ ਕਬੱਡੀ ਕਲੱਬ ਕਨੇਡਾ 42।5 ਅੰਕਾਂ ਦੇ ਨਤੀਜਿਆਂ ਨਾਲ ਸਮਾਪਤ ਹੋਇਆ। ਇਸ ਕਬੱਡੀ ਕੱਪ ਦਾ ਵਰਨਣ ਵਾਸੀਆਂ ਨੇ ਖੂਬ ਆਨੰਦ ਮਾਣਿਆ। ਅਖੀਰ ਵਿੱਚ ਵਰਨਣ ਕਬੱਡੀ ਕੱਪ ਦੇ ਇਨਾਮ ਵੰਡ ਸਮਾਰੋਹ ਮੌਕੇ ਮੌਜੂਦਾ ਐਮਐਲਏ ਹਰਵਿੰਦਰ ਸੰਧੂ ਅਤੇ ਗੁਰਦੁਆਰਾ ਅਕਾਲਗੜ੍ਹ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਜੇਤੂਆਂ ਨੂੰ ਇਨਾਮ ਵੰਡੇ ਗਏ। ਇਸ ਕਬੱਡੀ ਕੱਪ ਵਿੱਚ ਗੁਰੂ ਘਰ ਦੇ ਪ੍ਰਧਾਨ ਸੁੱਚਾ ਸਿੰਘ ਜੱਸੀ, ਜਸਵਿੰਦਰ ਖਟੜਾ, ਹਰਦਿਆਲ ਸਿੰਘ ਚਾਹਲ, ਸੱਜਣ ਸਿੰਘ, ਬਲਵਿੰਦਰ ਜੱਖੂ, ਕਮਲੇਸ਼ ਚੰਦਰ, ਜਸਕਰਨ ਆਹਲੂਵਾਲੀਆ, ਦਰਸ਼ਨ ਸਿੰਘ ਰੰਧਾਵਾ, ਜਸਕਰਨ ਸਿੰਘ, ਹਰਕੀਰਤ ਸਿੰਘ, ਲਖਵਿੰਦਰ ਸਿੰਘ ਜ਼ੀਰਾ, ਹਰਦੀਪ ਸਿੰਘ ਲੁਧਿਆਣਾ, ਬਲਦੇਵ ਸਿੰਘ ਨਿਊ ਪੰਜਾਬ, ਭੁਪਿੰਦਰ ਸਿੰਘ ਅਤੇ ਹੋਰ ਵਰਨਣ ਦੇ ਪਤਵੰਤੇ ਸੱਜਣ ਹਾਜ਼ਰ ਰਹੇ।

## ਮੁਨੀਰ ਦੇ ਬਿਆਨ ਦਾ ਵਿਸ਼ਲੇਸ਼ਣ

# ਭਾਰਤ ਦੀ ਸੋਚ ਮਨੁੱਖਤਾ ਦੇ ਭਲੇ ਤੇ ਪਾਕਿਸਤਾਨ ਦੀ ਮਨੁੱਖਤਾ ਦੇ ਖ਼ਾਤਮੇ ਵਾਲੀ



ਬਲਵਿੰਦਰ ਸਿੰਘ ਭੁੱਲਰ
ਮੋਬਾ: 098882 75913

ਦੁਨੀਆਂ ਭਰ ਦੇ ਸੈਂਕੜੇ ਦੇਸ਼ ਅੱਜ ਵਿਕਾਸ ਕਰ ਰਹੇ ਹਨ, ਜਿਸਦਾ ਮਕਸਦ ਮਨੁੱਖਤਾ ਦਾ ਭਲਾ ਹੈ। ਵਿਕਾਸ ਕਰਨ ਨਾਲ ਸੁਖ ਸਹੂਲਤਾਂ ਮੁਹੱਈਆਂ ਕੀਤੀਆਂ ਜਾਂਦੀਆਂ ਹਨ, ਅਨੁਸ਼ਾਸ਼ਨ ਕਾਇਮ ਕੀਤਾ ਜਾਂਦਾ ਹੈ, ਚੰਗੀ ਸਿੱਖਿਆ ਦਿੱਤੀ ਜਾਂਦੀ ਹੈ, ਰੁਜਗਾਰ ਦਿੱਤਾ ਜਾਂਦਾ ਹੈ। ਇਹੋ ਇੱਕ ਵਿਕਾਸ਼ੀਲ ਦੇਸ਼ ਦੀ ਨਿਸਾਨੀ ਹੈ, ਜਿਸ ਨਾਲ ਮਨੁੱਖਤਾ ਸਾਂਤੀ ਨਾਲ ਆਪਣਾ ਚੰਗਾ ਜੀਵਨ ਬਤੀਤ ਕਰਦੀ ਹੈ ਅਤੇ ਆਪਣੇ ਸਹਿਯੋਗੀ ਜੀਵ ਜੰਤੂਆਂ, ਪੌਦਿਆਂ ਦੀ ਰਾਖੀ ਕਰਕੇ ਵਾਤਾਵਰਣ ਦੀ ਸੁੱਧਤਾ ਲਈ ਯਤਨਸ਼ੀਲ ਰਹਿੰਦੀ ਹੈ। ਸਾਡੇ ਗੁਆਂਢੀ ਦੇਸ਼ ਪਾਕਿਸਤਾਨ ਦੀ ਸੋਚ ਦੁਨੀਆਂ ਨਾਲੋਂ ਵੱਖਰੀ ਹੈ, ਉਸਨੂੰ ਨਾ ਮਨੁੱਖਤਾ ਦੀ ਭਲਾਈ ਲਈ ਕੋਈ ਚਿੰਤਾ ਹੈ ਅਤੇ ਨਾ ਹੀ ਵਾਤਾਵਰਣ ਦੀ। ਬਲਕਿ ਉਹ ਹਮੇਸ਼ਾਂ ਮਨੁੱਖਤਾ ਦਾ ਘਾਣ ਕਰਨ ਲਈ ਹੀ ਸੋਚਦਾ ਰਹਿੰਦਾ ਹੈ। ਇਸਦੀ ਤਾਜ਼ਾ ਉਦਾਹਰਣ ਬੀਤੇ ਦਿਨ ਅਮਰੀਕਾ ਵਿਖੇ ਪਾਕਿਸਤਾਨ ਦੇ ਫੌਜ ਮੁਖੀ ਮਾਰਸ਼ਲ ਆਸਿਮ ਮੁਨੀਰ ਦੇ ਬਿਆਨ ਤੋਂ ਸਪਸ਼ਟ ਹੁੰਦੀ ਹੈ।

ਆਪਣੇ ਅਮਰੀਕਾ ਦੌਰੇ ਦੌਰਾਨ ਮਾਰਸ਼ਲ ਮੁਨੀਰ ਫਲੋਰੀਡਾ ਰਾਜ ਦੇ ਸ਼ਹਿਰ ਟੈਂਪਾ ਵਿਖੇ ਇੱਕ ਪਾਕਿਸਤਾਨੀ ਨਾਗਰਿਕ ਵੱਲੋਂ ਕਰਵਾਏ ਪ੍ਰੋਗਰਾਮ ਵਿੱਚ ਭਾਸ਼ਣ ਕਰ ਰਹੇ ਸਨ। ਉਹਨਾਂ ਭਾਸ਼ਣ ਕਰਦਿਆਂ ਕਿਹਾ ਕਿ ਜੇ ਅਸੀਂ ਤਬਾਹ ਹੋਏ ਤਾਂ ਅੱਧੀ ਦੁਨੀਆਂ ਨੂੰ ਲੈ ਕੇ ਜਾਵਾਂਗੇ। ਇਸੇ ਦੌਰਾਨ ਉਸਨੇ ਕਿਹਾ ਕਿ ਜਲ ਸੰਧੀ ਭਾਰਤ ਵੱਲੋਂ ਮੁਅੱਤਲ ਕਰਕੇ ਡੈਮ ਬਣਾਉਣ ਦੀ ਸਕੀਮ ਹੈ, ਜਿਸਨੂੰ ਅਸੀਂ ਉਡੀਕ ਰਹੇ ਹਾਂ। ਜਦ ਇਹ ਡੈਮ ਬਣ ਗਿਆ ਤਾਂ ਅਸੀਂ ਦਸ ਮਿਜ਼ਾਇਲਾਂ ਨਾਲ ਉਸਨੂੰ ਤਬਾਹ ਕਰ ਦੇਵਾਂਗੇ। ਮੁਨੀਰ ਦੇ ਇਸ ਬਿਆਨ ਤੋਂ ਪਾਕਿਸਤਾਨ ਦੀ ਸੋਚ ਪਰਤੱਖ ਹੁੰਦੀ ਹੈ, ਜਿਸ ਵਿੱਚ ਡਰ ਵੀ ਝਲਕਦਾ ਹੈ ਅਤੇ ਉਸ ਵਿੱਚੋਂ ਹੰਕਾਰ ਦੀ ਬੋਅ ਵੀ ਆਉਂਦੀ ਹੈ। ਉਸਨੂੰ ਸ਼ਾਇਦ ਇਹ ਸਮਝ ਨਹੀਂ ਕਿ ਜਰੂਰੀ ਨਹੀਂ ਹੰਕਾਰ ਤੇ ਗੁੱਸੇ ਦਾ ਸੇਕ ਪਹਿਲਾਂ ਦੁਸ਼ਮਣ ਨੂੰ ਹੀ ਭਸਮ ਕਰੇ, ਅਜਿਹਾ ਸੇਕ ਸਭ ਤੋਂ ਪਹਿਲਾਂ ਖ਼ੁਦ ਨੂੰ ਹੀ ਸਾੜ ਕੇ ਸੁਆਹ ਕਰ ਦਿੰਦਾ ਹੈ। ਮੁਨੀਰ ਇਹ ਬਿਆਨ ਆਪਣੇ ਦੇਸ਼ ਦੇ ਪ੍ਰਮਾਣੂ ਬੰਬਾਂ ਦੀ ਹੋਂਦ ਦੇ ਹੰਕਾਰ ਵਿੱਚ ਦੇ ਰਿਹਾ ਹੈ। ਉਸਨੂੰ ਸਮਝਣਾ ਚਾਹੀਦਾ ਹੈ ਕਿ ਫੌਜ ਤੇ ਹਥਿਆਰਾਂ ਤੇ ਵਿਸਵਾਸ਼ ਕਰਨਾ ਇੱਕ ਬਹੁਤ ਵੱਡਾ ਰੋਗ ਹੈ, ਜਿਸਨੇ ਦੁਨੀਆਂ ਭਰ ਨੂੰ ਨੁਕਸਾਨ ਪਹੁੰਚਾਇਆ ਹੈ। ਸੰਸਾਰ ਦੀ ਸਾਂਤੀ ਭੰਗ ਕੀਤੀ ਹੈ ਤੇ ਮਨੁੱਖਤਾ ਦਾ ਘਾਣ ਕੀਤਾ ਹੈ। ਉਸਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਪ੍ਰਮਾਣੂ ਬੰਬ ਕੇਵਲ ਪਾਕਿਸਤਾਨ ਕੋਲ ਹੀ ਨਹੀਂ, ਬਲਕਿ ਭਾਰਤ ਕੋਲ ਤਾਂ ਉਸਤੋਂ ਵੱਧ ਤੇ ਸ਼ਕਤੀਸ਼ਾਲੀ ਬੰਬ ਹੋ ਸਕਦੇ ਹਨ। ਭਾਰਤ ਕੋਈ ਖਾਲੀ ਹੱਥ ਬੈਠਾ ਪਾਕਿਸਤਾਨ ਦੇ ਮੂੰਹ ਵੱਲ ਨਹੀਂ ਵੇਖ ਰਿਹਾ। ਭਾਰਤ ਸਾਂਤੀ ਚਾਹੁੰਦਾ ਹੈ ਅਤੇ ਮਨੁੱਖਤਾ ਤੇ ਵਾਤਾਵਰਣ ਦੇ ਭਲੇ ਲਈ ਕੰਮ ਕਰਨਾ ਚਾਹੁੰਦਾ ਹੈ, ਪਰ ਜੇ ਦੁਸ਼ਮਣ ਉਸ ਵੱਲ ਅੱਖ ਚੁੱਕ ਕੇ ਵੇਖੇ ਤਾਂ ਉਹ ਅੱਖ ਕੱਢਣ ਵੀ ਜਾਣਦਾ ਹੈ, ਜੇ ਉਂਗਲ ਕਰੇ ਤਾਂ ਉਂਗਲ ਵੱਢਣ ਵੀ ਜਾਣਦਾ ਹੈ। ਪਰ ਭਾਰਤ ਸਮਝਦਾ ਹੈ ਕਿ ਜੰਗ ਦਾ ਸੁਆਲ ਮੂਰਖਤਾ ਭਰਿਆ ਤੇ ਮਨੁੱਖਤਾ ਦੇ ਖਾਤਮੇ ਵਾਲਾ ਹੁੰਦਾ ਹੈ, ਜਦ ਕਿ ਅਮਨ ਸਾਂਤੀ ਦਾ ਸੁਆਲ ਮਾਨਵਤਾ ਦੇ ਭਲੇ ਲਈ।

ਪਾਕਿਸਤਾਨੀ ਮਾਰਸ਼ਲ ਮੁਨੀਰ ਨੇ ਭਾਰਤ ਵੱਲੋਂ ਬਣਾਏ ਜਾਣ ਵਾਲੇ ਡੈਮ ਨੂੰ ਮਿਜ਼ਾਇਲਾ ਨਾਲ ਤਬਾਹ ਕਰਨ ਦਾ ਲਲਕਰਾ ਮਾਰਿਆ ਹੈ। ਪਾਕਿਸਤਾਨ ਨੇ ਮਿਜ਼ਾਇਲਾ ਤਾਂ ਕੁੱਝ ਮਹੀਨੇ ਪਹਿਲਾਂ ਵੀ ਚਲਾਈਆਂ ਸਨ, ਜਦੋਂ ਭਾਰਤ ਨੇ ਅਪਰੇਸ਼ਨ ਸਿੰਧੂਰ ਨਾਲ ਉਹਨਾਂ ਦਾ ਜਵਾਬ ਦਿੱਤਾ ਸੀ। ਮਿਜ਼ਾਇਲਾਂ ਨੂੰ ਹਵਾ ਵਿੱਚ ਹੀ ਤਬਾਹ ਕਰਦਿਆਂ ਜਦੋਂ ਭਾਰਤ ਨੇ ਦੋ ਹੱਥ ਵਿਖਾਏ ਤਾਂ ਚਾਰ ਦਿਨਾਂ ਵਿੱਚ ਹੀ ਪਾਕਿਸਤਾਨ ਗੋਡਿਆਂ ਭਾਰ ਹੋ ਗਿਆ ਸੀ ਤੇ ਮਿੰਨਤਾਂ ਕਰਨ ਤੇ ਉੱਤਰ ਆਇਆ ਸੀ। ਮੁਨੀਰ ਨਹੀਂ ਪਤਾ ਕਿ ਭਾਰਤ ਜੰਗ ਲੜਣ ਦੇ ਸਮਰੱਥ ਹੈ ਅਤੇ ਅਪਰੇਸ਼ਨ ਸਿੰਧੂਰ ਸਮੇਂ ਵੀ ਲੰਬੀ ਲੜਾਈ ਸਮਝ ਕੇ ਸੰਘਰਸ਼ ਵਿੱਢਿਆ ਸੀ, ਪਰ ਜਦ ਪਾਕਿਸਤਾਨ ਫੌਜ ਦੇ ਨੱਕ ਵਿੱਚ ਦਮ ਕਰ ਦਿੱਤਾ ਅਤੇ ਉਹ ਸੀਜ਼ ਫਾਇਰ ਲਈ ਕਹਿਣ ਲੱਗੇ ਤਾਂ ਭਾਰਤ ਨੇ ਮਨੁੱਖਤਾ ਦੇ ਭਲੇ ਲਈ 'ਹਾਂ' ਕੀਤੀ ਸੀ। ਇਹ ਲੋਕ ਚਾਹੇ ਪਾਕਿਸਤਾਨ ਦੇ ਸਨ, ਪਰ ਅਕਸਰ ਮਨੁੱਖ ਸਨ ਜਿਹਨਾਂ ਨੂੰ ਮਾਰ ਮੁਕਾਉਣਾ ਭਾਰਤ ਸ਼ੌਕ ਨਹੀਂ ਸਮਝਦਾ ਸੀ ਅਤੇ ਘਾਣ ਨਹੀਂ ਕਰਨਾ ਚਾਹੁੰਦਾ ਸੀ। ਦੁਨੀਆਂ ਦੇ ਮਹਾਨ ਫਿਲਾਸਫਰ ਰਸੂਲ ਹਮਜ਼ਾ ਤੋਵ ਨੇ ਕਿਹਾ ਕਿ ਸਿਆਣੇ ਦੇ ਹੱਥਾਂ ਵਿੱਚ ਸੱਪ ਦੀ ਜ਼ਹਿਰ ਵੀ ਭਲਾ ਕਰ ਸਕਦੀ ਹੈ ਅਤੇ ਮੂਰਖ ਦੇ ਹੱਥਾਂ ਵਿੱਚ ਸ਼ਹਿਦ ਵੀ ਨੁਕਸਾਨ ਕਰ ਸਕਦਾ ਹੈ। ਮੁਨੀਰ ਦੇ ਬਿਆਨ ਦੇ ਸੰਦਰਭ ਵਿੱਚ ਹਮਜ਼ਾ ਤੋਵ ਦਾ ਵਿਚਾਰ ਅੱਜ ਵੀ ਖ਼ਰਾ ਵਿਖਾਈ ਦਿੰਦਾ ਹੈ, ਪਾਕਿਸਤਾਨ ਦੇ ਹੱਥਾਂ ਵਿੱਚ ਪਿਆ ਪ੍ਰਮਾਣੂ ਮਨੁੱਖਤਾ ਦੇ ਘਾਣ ਵੱਲ ਸੇਧਤ ਹੈ ਅਤੇ ਭਾਰਤ ਕੋਲ ਪਿਆ ਪ੍ਰਮਾਣੂ ਵਿਕਾਸ ਵੱਲ ਸੇਧਤ ਹੈ। ਮਨੁੱਖਤਾ ਦਾ ਅਸਲੀ ਰੂਪ ਸਾਂਤਮਈ ਹਿਰਦੇ ਵਿੱਚ ਹੈ, ਅਸਾਂਤੀ ਵਿੱਚ ਨਹੀਂ। ਭਾਰਤ ਅੱਜ ਦੁਨੀਆਂ ਦੀ ਬਹੁਤ ਵੱਡੀ ਸ਼ਕਤੀ ਬਣ ਚੁੱਕਾ ਹੈ, ਪਰ ਉਹ ਹੰਕਾਰ ਦੀ ਬਜਾਏ ਮਨੁੱਖਤਾ ਪ੍ਰਤੀ ਹਮਦਰਦੀ ਤੇ ਸਾਂਤੀ ਲਈ ਕਾਰਜ ਕਰ ਰਿਹਾ ਹੈ। ਪਰ ਜੇ ਪਾਕਿਸਤਾਨ ਸਮਝੇ ਕਿ ਭਾਰਤ ਡਰ ਜਾਵੇਗਾ, ਇਹ ਉਸਦਾ ਭੁਲੇਖਾ ਹੈ।

ਮਾਰਸ਼ਲ ਮੁਨੀਰ ਦਾ ਅੱਧੀ ਦੁਨੀਆਂ ਖਤਮ ਕਰਨ ਦਾ ਅਰਥ ਹੈ ਪ੍ਰਮਾਣੂ ਬੰਬਾਂ ਨਾਲ ਮਨੁੱਖਤਾ ਦਾ ਘਾਣ ਕਰਨਾ। ਜੇ ਅਜਿਹਾ ਘਾਣ ਹੋਵੇਗਾ ਤਾਂ ਪਾਕਿਸਤਾਨ ਦੇ ਲੋਕ ਪਹਿਲਾਂ ਮੌਤ ਦੇ ਸ਼ਿਕਾਰ ਹੋਣਗੇ। ਇਸ ਲਈ ਪਾਕਿਸਤਾਨ ਦੀ ਜਨਤਾ ਨੂੰ ਸਮਝਣਾ ਚਾਹੀਦਾ ਹੈ ਕਿ ਪਾਕਿਸਤਾਨ ਦੀ ਸਰਕਾਰ ਅਤੇ ਫੌਜ ਉੱਥੋਂ ਦੀ ਜਨਤਾ ਨੂੰ ਸੁਖੀ ਜੀਵਨ ਤੇ ਸੁਰੱਖਿਆ ਦੇਣੀ ਚਾਹੁੰਦੀ ਹੈ ਜਾਂ ਖਤਮ ਕਰਨਾ ਚਾਹੁੰਦੀ ਹੈ, ਉਹਨਾਂ ਦੀ ਮਨਸ਼ਾ ਕੀ ਹੈ। ਇਸੇ ਤਰ੍ਹਾਂ ਗੁਆਂਢੀ ਦੇਸ਼ਾਂ ਨੂੰ ਇਸ ਬਿਆਨ ਤੇ ਵਿਚਾਰ ਚਰਚਾ ਕਰਨੀ ਚਾਹੀਦੀ ਹੈ ਕਿ ਪਾਕਿਸਤਾਨ ਦਾ ਨਾਲ ਲਗਦੇ ਦੇਸ਼ਾਂ ਪ੍ਰਤੀ ਕੀ ਨਜ਼ਰੀਆ ਹੈ। ਇਹਨਾਂ ਦੇਸ਼ਾਂ ਵੱਲੋਂ ਮੁਨੀਰ ਦੇ ਬਿਆਨ ਦਾ ਮੂੰਹ ਤੋੜਵਾਂ ਜੁਆਬ ਦੇ ਕੇ ਪਾਕਿਸਤਾਨ ਦੀ ਸੋਚ ਨੂੰ ਦੁਨੀਆਂ ਸਾਹਮਣੇ ਪਰਤੱਖ ਕਰਨਾ ਚਾਹੀਦਾ ਹੈ ਅਤੇ ਮਨੁੱਖਤਾ ਦੀ ਸੁਰੱਖਿਆ ਤੇ ਭਲਾਈ ਲਈ ਇੱਕਮੁੱਠਤਾ ਦਾ ਮੁਜ਼ਾਹਰਾ ਕਰਨਾ ਚਾਹੀਦਾ ਹੈ।

ਮਾਰਸ਼ਲ ਮੁਨੀਰ ਨੇ ਇਹ ਮਨੁੱਖਤਾ ਦੇ ਖਾਤਮੇ ਵਾਲਾ ਬਿਆਨ ਅਮਰੀਕਾ ਦੀ ਧਰਤੀ ਤੇ ਦਿੱਤਾ ਹੈ ਅਤੇ ਬਿਆਨ ਤੋਂ ਬਾਅਦ ਮੁਨੀਰ ਨੇ ਅਮਰੀਕਾ ਦੇ ਫੌਜੀ ਤੇ ਸਿਆਸੀ ਆਗੂਆਂ ਨਾਲ ਮੁਲਾਕਾਤਾਂ ਕੀਤੀਆਂ ਹਨ। ਅਮਰੀਕਾ ਦੇ ਸੈਂਟਰਲ ਕਮਾਨ ਦੇ ਕਮਾਂਡਰ ਜਨਰਲ ਮਾਈਕਲ ਟੀ ਕੁਰਿੱਲਾ ਦੇ ਸੇਵਾਮੁਕਤੀ ਸਮਾਗਮ 'ਚ ਵੀ ਭਾਗ ਲਿਆ ਅਤੇ ਨਵੇਂ ਕਮਾਂਡਰ ਐਡਮਿਰਲ ਬਰੈਡ ਕੂਪਰ ਨੂੰ ਵਧਾਈ ਦਿੱਤੀ। ਜੁਆਇੰਟ ਚੀਫ਼ ਆਫ਼ ਸਟਾਫ ਦੇ ਚੇਅਰਮੈਨ ਜਨਰਲ ਡੈਨ ਕੈਨ ਨਾਲ ਵੀ ਵਾਰਤਾ ਕੀਤੀ ਹੈ। ਅਮਰੀਕਾ ਦੀ ਧਰਤੀ ਤੇ ਦਿੱਤੇ ਅਜਿਹੇ ਵਿਵਾਦਗ੍ਰਸਤ ਬਿਆਨ ਦਾ ਅਮਰੀਕਨ ਸਰਕਾਰ ਨੂੰ ਨੋਟਿਸ ਲੈਣਾ ਚਾਹੀਦਾ ਹੈ। ਮਨੁੱਖਤਾ ਦੀ ਭਲਾਈ ਅਤੇ ਸੁਰੱਖਿਆ ਨੂੰ ਮੁੱਖ ਰੱਖ ਕੇ ਮਾਰਸ਼ਲ ਮੁਨੀਰ ਦੇ ਖਿਲਾਫ਼ ਕਾਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ ਅਤੇ ਪਾਕਿਸਤਾਨ ਨੂੰ ਇਸ ਮਾਮਲੇ ਵਿੱਚ ਸਥਿਤੀ ਸਪਸ਼ਟ ਕਰਨ ਲਈ ਦਬਾਅ ਪਾਉਣਾ ਚਾਹੀਦਾ ਹੈ।






ਇਹ ਕਾਲਮ ਨਿਰੋਲ ਕਲਪਨਾ 'ਤੇ ਅਧਾਰਿਤ ਹੈ ਅਤੇ ਇਸ ਦਾ ਕਿਸੇ ਵੀ ਜਿਉਂਦੇ-ਜਾਗਦੇ ਵਿਅਕਤੀ ਨਾਲ ਕੋਈ ਸਿੱਧਾ ਜਾਂ ਅਸਿੱਧਾ ਸਬੰਧ ਨਹੀਂ ਹੈ। ਇਸ ਵਿਚਲੇ ਵਿਚਾਰ ਲੇਖਕ ਦੇ ਹਨ ਤੇ ਅਦਾਰਾ 'ਪੰਜਾਬੀ ਅਖ਼ਬਾਰ' ਇਹਨਾਂ ਵਿਚਾਰਾਂ ਦਾ ਵਿਰੋਧ ਜਾਂ ਇਹਨਾਂ ਦੀ ਪ੍ਰੋੜਤਾ ਨਹੀਂ ਕਰਦਾ ਹੈ।
-ਸੰਪਾਦਕ

# ਜੱਥੇਦਾਰ ਮੋਹਨ ਸਿੰਘ ਤੁੜ ਦੀ ਚਿੱਠੀ ਰਿਸ਼ੀ ਨਾਗਰ ਦੇ ਨਾਮ

**ਲਿਖਤੁਮ ਜੱਥੇਦਾਰ ਮੋਹਨ ਸਿੰਘ ਤੁੜ**

**ਸਿੱਖ ਪੰਥ ਦੇ ਮਹਾਨਤਮ ਆਗੂਆਂ ਵਿੱਚ ਗਿਣੇ ਜਾਂਦੇ ਜੱਥੇਦਾਰ ਮੋਹਨ ਸਿੰਘ ਤੁੜ ਦਾ ਜਨਮ ਪੰਜਾਬ ਦੇ ਅੱਜਕੱਲ ਦੇ ਜ਼ਿਲ੍ਹਾ ਤਰਨਤਾਰਨ ਦੇ ਪਿੰਡ ਤੁੜ ਵਿੱਚ 1915 ਵਿੱਚ ਹੋਇਆ ਸੀ। ਉਹਨਾਂ ਦੇ ਪਿਤਾ ਸ. ਜਗਤ ਸਿੰਘ ਅਕਾਲੀ ਲਹਿਰ ਜਾਂ ਗੁਰਦੁਆਰਾ ਸੁਧਾਰ ਲਹਿਰ ਦੇ ਸ਼ੁਰੂਆਤੀ ਕਾਰਕੁੰਨਾਂ ਵਿੱਚੋਂ ਸਨ। ਉਹ ਸਾਲ 1954 ਵਿੱਚ ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਬਣੇ। ਸਾਲ 1955 ਵਿੱਚ ਲੱਗੇ ਪੰਜਾਬੀ ਸੂਬਾ ਮੋਰਚੇ ਸਮੇਂ ਉਹ ਜੇਲ੍ਹ ਭੇਜੇ ਗਏ। 1960 ਵਿੱਚ ਉਹ ਮੁੜ ਐਸਜੀਪੀਸੀ ਦੇ ਮੈਂਬਰ ਚੁਣੇ ਗਏ ਤੇ ਕਮੇਟੀ ਦੇ ਅੰਦਰੂਨੀ ਕਲੇਸ਼ ਦੌਰਾਨ ਉਹਨਾਂ ਨੇ ਸੰਤ ਫ਼ਤਹਿ ਸਿੰਘ ਦਾ ਸਾਥ ਦਿੱਤਾ ਤੇ ਇਸ ਤਰ੍ਹਾਂ ਮਾਸਟਰ ਤਾਰਾ ਸਿੰਘ ਦਾ ਵਿਰੋਧ ਕੀਤਾ। ਉਹਨਾਂ ਨੇ ਜੇਲ੍ਹ ਵਿੱਚ ਰਹਿੰਦਿਆਂ ਸਾਲ 1962 ਦੀ ਪੰਜਾਬ ਵਿਧਾਨ-ਸਭਾ ਚੋਣ ਲੜੀ ਤੇ ਉਸ ਸਮੇਂ ਦੇ ਵੱਡੇ ਕਾਂਗਰਸੀ ਆਗੂ ਤੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਕੋਲੋਂ ਸਿਰਫ਼ 34 ਵੋਟਾਂ ਨਾਲ ਹਾਰ ਗਏ। ਇਸ ਚੋਣ ਮਗਰੋਂ ਉਹਨਾਂ ਦਾ ਕੱਦ ਹੋਰ ਵੱਡਾ ਹੋ ਗਿਆ ਤੇ ਉਹਨਾਂ 1967 ਅਤੇ 1969 ਵਿੱਚ ਵਿਧਾਨਸਭਾ ਚੋਣ ਜਿੱਤੀ ਤੇ ਐਮਐਲਏ ਬਣੇ। ਸਾਲ 1972 ਵਿੱਚ ਸੰਤ ਫ਼ਤਹਿ ਸਿੰਘ ਦੇ ਦੇਹਾਂਤ ਮਗਰੋਂ ਉਹ ਸ਼ਿਰੋਮਣੀ ਅਕਾਲੀ ਦਲ ਦੇ ਪ੍ਰਧਾਨ ਚੁਣੇ ਗਏ। ਇਸ ਦੌਰਾਨ ਉਹਨਾਂ ਨੇ ਹਰਿਆਣਾ ਸਰਕਾਰ ਦੀਆਂ ਵਧੀਕੀਆਂ ਵਿਰੁੱਧ ਮੋਰਚਾ ਲਗਾਇਆ ਤੇ ਜਿੱਤਿਆ। ਕੇਂਦਰ ਦੀ ਕਾਂਗਰਸ ਸਰਕਾਰ ਵੱਲੋਂ ਲਗਾਈ ਐਮਰਜੰਸੀ ਦੇ ਵਿਰੁਧ ਵੀ ਉਹ ਡਟੇ ਰਹੇ। ਇਮਾਨਦਾਰੀ, ਪੰਥ ਪ੍ਰਤੀ ਸਮਰਪਣ ਤੇ ਸਿੱਖੀ ਦੀ ਸ਼ਾਨ ਉੱਚੀ ਕਰਨ ਲਈ ਉਹਨਾਂ ਕੋਈ ਕਸਰ ਬਾਕੀ ਨਾ ਛੱਡੀ ਸੀ। ਉਹਨਾਂ ਨੇ ਆਪਣਾ ਨਿਜੀ ਘਰ ਢੁਆ ਕੇ ਤੇ ਮਾਲ ਡੰਗਰ ਵੇਚ ਕੇ ਵੀ ਪੰਥ ਦੇ ਪ੍ਰਤੀ ਆਪਣੀ ਸੇਵਾ ਲੇਖੇ ਲਾਈ। ਪੁਲਿਸ ਦੇ ਤਸ਼ੱਦਦ ਦੌਰਾਨ ਉਹਨਾਂ ਨੂੰ ਬਰਫ਼ 'ਤੇ ਲੰਮਿਆਂ ਪਾਇਆ ਗਿਆ ਪਰ ਉਹਨਾਂ ਇਮਾਨਦਾਰੀ, ਸੇਵਾ ਤੇ ਸਮਰਪਣ ਦਾ ਆਪਣਾ ਰਾਹ ਨਾ ਬਦਲਿਆ। ਜਥੇਦਾਰ ਤੁੜ ਨੇ ਹਲਕਾ ਤਰਨਤਾਰਨ ਤੋਂ ਕਾਂਗਰਸ ਦੇ ਥੰਮ੍ਹ ਅਤੇ ਲੋਕ ਸਭਾ ਦੇ ਸਪੀਕਰ ਰਹੇ ਗੁਰਦਿਆਲ ਸਿੰਘ ਢਿੱਲੋਂ ਨੂੰ ਇਕ ਲੱਖ ਤੋਂ ਵੱਧ ਵੋਟਾਂ ਦੇ ਫ਼ਰਕ ਨਾਲ ਹਰਾ ਕੇ ਚੋਣ ਜਿੱਤੀ। ਉਹ ਜਿੰਨਾ ਚਿਰ ਵੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਰਹੇ, ਅਕਾਲੀ ਦਲ ਇਕ ਹੀ ਰਿਹਾ। ਜਥੇਦਾਰ ਤੁੜ ਨੇ ਪਾਰਟੀ 'ਚ ਏਕਾ ਰੱਖਣ ਲਈ ਖ਼ੁਦ ਹੀ ਪਾਰਟੀ ਪ੍ਰਧਾਨ ਤੋਂ ਅਸਤੀਫ਼ਾ ਦੇ ਦਿੱਤਾ ਸੀ। ਉਨ੍ਹਾਂ ਦੀ ਇਸ ਮਿਸਾਲੀ ਕੁਰਬਾਨੀ ਨੂੰ ਅਜੇ ਤੱਕ ਲੋਕ ਯਾਦ ਕਰਦੇ ਹਨ। ਉਹ ਇਕ ਅਜਿਹੇ ਪ੍ਰਧਾਨ ਰਹੇ ਹਨ ਜਿਨ੍ਹਾਂ ਨੇ ਪ੍ਰਧਾਨਗੀ ਦੀ ਕੁਰਸੀ ਨੂੰ ਲੱਤ ਮਾਰੀ ਤੇ ਪੰਥਕ ਏਕਤਾ ਕਾਇਮ ਰੱਖੀ। ਉਹ ਕਹਿੰਦੇ ਸਨ ਕਿ ਮੈਂ ਆਪਣੇ ਹੱਥੀਂ ਪਾਲਿਆ ਬੂਟਾ ਉਜੜਦਾ ਨਹੀਂ ਵੇਖਣਾ ਚਾਹੁੰਦਾ। ਜਿਸ ਨੂੰ ਪ੍ਰਧਾਨਗੀ ਚਾਹੀਦੀ ਹੈ, ਲੈ ਲਵੇ ਪਰ ਪਾਰਟੀ ਦੋਫਾੜ ਨਹੀਂ ਹੋਣੀ ਚਾਹੀਦੀ। 30 ਜੁਲਾਈ, 1979 ਨੂੰ ਸੰਖੇਪ ਜਿਹੀ ਬਿਮਾਰੀ ਤੋਂ ਬਾਅਦ ਇਸ ਦਰਵੇਸ਼ ਸਿਆਸਤਦਾਨ ਦਾ ਦੇਹਾਂਤ ਹੋ ਗਿਆ।**

**ਵਾਹਿਗੁਰੂ ਜੀ ਕਾ ਖਾਲਸਾ;**
**ਵਾਹਿਗੁਰੂ ਜੀ ਕੀ ਫ਼ਤਹਿ!**
**ਬਰਖੁਰਦਾਰ ਰਿਸ਼ੀ ਨਾਗਰ,**
**ਵਾਹਿਗੁਰੂ ਸਦਾ ਚੜ੍ਹਦੀ ਕਲਾ ਦੀ ਬਖ਼ਸ਼ਿਸ਼ ਕਰਨ!**

ਬਹੁਤ ਚਿਰ ਤੋਂ ਤੈਨੂੰ ਲਿਖਣ ਨੂੰ ਮਨ ਕਰ ਰਿਹਾ ਸੀ ਤੇ ਫਿਰ ਕੁਝ ਸੋਚ-ਵਿਚਾਰ ਕਰਕੇ ਮਨ ਨੂੰ ਸਮਝਾਉਂਦਾ ਰਿਹਾ ਕਿ ਚਿੱਠੀ ਲਿਖਣ ਦਾ ਵੀ ਕੀ ਫਾਇਦਾ ਹੋਣਾ ਹੈ। ਫਿਰ ਸੋਚਿਆ ਕਿ ਚਿੱਠੀਆਂ ਨੇ ਬੀਤੇ ਸਮਿਆਂ ਵਿੱਚ ਬਹੁਤ ਵੱਡੀਆਂ ਤਬਦੀਲੀਆਂ ਲਿਆਂਦੀਆਂ ਹਨ ਤੇ ਇਹ ਚਿੱਠੀਆਂ ਇਤਿਹਾਸਕ ਵਿਰਾਸਤ ਬਣ ਕੇ ਸਾਨੂੰ ਅਗਵਾਈ ਵੀ ਦਿੰਦੀਆਂ ਰਹੀਆਂ ਹਨ।

ਰਿਸ਼ੀ ਪੁੱਤਰ, ਅੱਜ ਪੰਥ ਤੇ ਪੰਥਕ ਲੀਡਰਸ਼ਿਪ - ਦੋਵੇਂ ਵੱਡੇ ਸੰਕਟ ਵਿੱਚੋਂ ਲੰਘ ਰਹੇ ਹਨ। ਇਹ ਸੰਕਟ ਨਵਾਂ ਨਹੀਂ ਤੇ ਅਜਿਹਾ ਵੀ ਨਹੀਂ ਕਿ ਇਸ ਦਾ ਹੱਲ ਨਾ ਹੋ ਸਕਦਾ ਹੋਵੇ। ਪਰ ਇਸ ਸੰਕਟ ਦੇ ਹੱਲ ਲਈ ਨਿਜੀ ਹਉਮੈ ਨੂੰ ਛੱਡਣਾ ਪਵੇਗਾ ਪਰ ਮੰਦੇ ਭਾਗੀਂ ਕੋਈ ਵੀ ਧਿਰ ਹਉਮੈ ਛੱਡ ਕੇ ਸੇਵਾ ਕਰਨ ਲਈ ਤਿਆਰ ਨਹੀਂ। ਸਭ ਤੋਂ ਵੱਡਾ ਸੰਕਟ ਇਹ ਹੈ ਕਿ ਕੁੱਝ ਕੁ ਸਿੱਖਾਂ ਨੇ ਗੁਰੂ ਵੱਲ ਪਿੱਠ ਕਰ ਲਈ ਹੈ ਅਤੇ ਆਪਣੇ ਨਿਜੀ ਹਿੱਤ ਸਾਹਮਣੇ ਰੱਖੇ ਹੋਏ ਹਨ। ਹੁਣ ਇਹ ਲਾਲਚ ਅਤੇ ਸਵਾਰਥ ਦਾ ਮੁਜੱਸਮਾ ਬਣ ਕੇ ਰਹਿ ਗਏ ਹਨ। ਬਰਖੁਰਦਾਰ, ਇਹ ਸੰਕਟ ਪਹਿਲੀ ਵਾਰ ਨਹੀਂ ਆਇਆ ਤੇ ਨਾ ਹੀ ਆਖ਼ਰੀ ਵਾਰ ਹੈ। ਕੁਝ ਸੁਹਿਰਦ ਲੋਕ ਸਾਹਮਣੇ ਆਉਂਦੇ ਹਨ ਤੇ ਸੰਕਟ ਵਿਚੋਂ ਬਾਹਰ ਕੱਢਣ ਦਾ ਵੱਲ ਉਹਨਾਂ ਨੂੰ ਆਉਂਦਾ ਹੋਣ ਕਰਕੇ ਸੰਕਟ ਟਲ਼ ਜਾਂਦਾ ਹੈ। ਮੈਂ ਇਕ ਵਾਰ ਆਪੇ ਸਾਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਸੀ ਕਿ ਜਦੋਂ ਜਦੋਂ ਵੀ ਧਰਮ ਦੀ ਹਾਨੀ ਹੁੰਦੀ ਹੈ, ਅਧਰਮ ਵਧਦਾ-ਫੈਲਦਾ ਹੈ ਤਾਂ ਰੱਬ ਆਪ ਕਿਸੇ ਨਾ ਕਿਸੇ ਰੂਪ ਵਿੱਚ ਧਰਤੀ 'ਤੇ ਬਹੁੜਦਾ ਹੈ ਤੇ ਫੈਲੀਆਂ ਕੁਰੀਤੀਆਂ, ਅਧਰਮਾਂ ਦਾ ਖਾਤਮਾ ਕਰ ਦਿੰਦਾ ਹੈ। ਸੋ ਮੈਂ ਕਦੀ ਵੀ ਨਿਰ-ਆਸ ਨਹੀਂ ਸੀ ਤੇ ਹਮੇਸ਼ਾ ਗੁਰੂ ਗ੍ਰੰਥ ਸਾਹਿਬ ਤੋਂ ਸੇਧ ਲੈਂਦਾ ਰਿਹਾ ਤੇ ਮੈਨੂੰ ਗੁਰੂ ਨੇ ਕਦੀ ਕਿਸੇ ਗੱਲ ਤੋਂ ਨਮੋਸ਼ ਨਹੀਂ ਹੋਣ ਦਿੱਤਾ।

ਰਿਸ਼ੀ ਪੁੱਤਰ, ਮੌਜੂਦਾ ਸਮਾਂ ਬਹੁਤ ਨਾਜ਼ੁਕ ਦੌਰ ਵਿਚੋਂ ਗੁਜ਼ਰ ਰਿਹਾ ਹੈ। ਸਹਿਣਸ਼ੀਲਤਾ ਦੀ ਪੂਰਨ ਅਣਹੋਂਦ ਹੈ। ਲਾਲਚ ਅਤੇ ਹਉਮੈ, ਬੰਦੇ ਦੇ ਆਪਣੇ ਕੱਦ-ਬੁੱਤ ਤੋਂ ਕਿਤੇ ਵੱਡੇ ਹੋ ਗਏ ਨੇ। ਗੁਰਦੁਆਰਿਆਂ ਦੀ ਸਾਂਭ ਸੰਭਾਲ ਲਈ ਹਰੇਕ ਸਿੱਖ ਹਰ ਰੋਜ਼ ਅਰਦਾਸ ਕਰਦਾ ਹੈ। ਮੈਂ ਆਪਣੇ ਆਪ ਨੂੰ ਕਦੀ ਕਦੀ ਇਹ ਸਵਾਲ ਵੀ ਪੁੱਛਦਾ ਹਾਂ ਕਿ ਇਸ ਅਰਦਾਸ ਉੱਪਰ, ਕੀ ਅਰਦਾਸ ਕਰਨ ਵਾਲਾ ਆਪ ਖ਼ੁਦ ਪਹਿਰਾ ਵੀ ਦਿੰਦਾ ਹੈ ਜਾਂ ਕਿ ਸਿਰਫ਼ ਕੁੱਝ ਕੁ ਰਟੇ ਰਟਾਏ ਸ਼ਬਦਾਂ ਦਾ ਉਚਾਰਨ ਮਾਤਰ ਹੀ ਕਰਦਾ ਹੈ? 'ਮਨ ਨੀਵਾਂ - ਮਤਿ ਉੱਚੀ ਤੇ ਮਤਿ-ਪਤਿ ਦਾ ਰਾਖਾ ਅਕਾਲ ਪੁਰਖ ਵਾਹਿਗੁਰੂ' ਕਹਿ ਕੇ ਵੀ ਅਸੀਂ ਇਸ ਗੱਲ ਉੱਪਰ ਖੜ੍ਹਦੇ ਵੀ ਹਾਂ ਕਿ ਸਿਰਫ਼ ਕਹਿਣ ਭਰ ਲਈ ਹੀ ਇਹਨਾਂ ਸ਼ਬਦਾਂ ਦੀ ਵਰਤੋਂ ਕਰਦੇ ਹਾਂ? ਬਰਖੁਰਦਾਰ, ਨਾ ਅਸੀਂ ਮਨ ਨੀਵਾਂ ਕਰ ਸਕੇ ਤੇ ਨਾ ਹੀ ਮਤਿ ਉੱਚੀ! ਭਲਾ, ਕਿਉਂ ਹੋਇਆ ਅਜਿਹਾ? ਕਿਉਂਕਿ ਅਸੀਂ ਅਰਦਾਸ ਕਰਨ ਵੇਲੇ ਇਮਾਨਦਾਰ ਨਹੀਂ ਸਾਂ। ਸ਼ੁੱਧ ਹਿਰਦੇ ਨਾਲ ਅਰਦਾਸ ਨਾ ਕਰਕੇ ਅਸੀਂ ਸਿਰਫ਼ ਬੱਸ ਰਸਮ ਪੂਰਤੀ ਕਰਨ ਲੱਗ ਪਏ ਹਾਂ। ਰਿਸ਼ੀ ਪੁੱਤਰ, ਅਕਾਲ ਪੁਰਖ ਸਾਡੇ ਸ਼ਬਦਾਂ ਵੱਲ ਨਹੀਂ, ਸਗੋਂ ਸਾਡੇ ਮਨਾਂ ਵੱਲ ਦੇਖਦਾ ਹੈ। ਨੇਕ ਮਨ ਤੋਂ ਨਿੱਕਲੀ ਦੁਆ ਦੂਰ ਤੱਕ ਅਸਰ ਰੱਖਦੀ ਹੁੰਦੀ ਹੈ।

ਰਿਸ਼ੀ ਬੇਟਾ, ਗੁਰੂ ਘਰ ਜਾਂ ਗੁਰਦੁਆਰਾ ਸਾਹਿਬ ਸਿਰਫ਼ ਇਕ ਇਮਾਰਤ ਨਹੀਂ ਹੁੰਦੀ। ਇਹ ਪਵਿੱਤਰ ਗ੍ਰੰਥ ਦਾ ਨਿਵਾਸ ਵੀ ਹੈ ਤੇ ਇਸ ਵਿਚਲੀ ਬਾਣੀ ਨੂੰ ਪੜ੍ਹਣ, ਇਸ ਨੂੰ ਜੀਵਨ ਵਿੱਚ ਉਤਾਰਨ ਅਤੇ ਅਮਲੀ ਰੂਪ ਵਿੱਚ ਉਸ ਦੇ ਕਹਿਣ ਮੁਤਾਬਕ ਚੱਲਣ ਦਾ ਸਲੀਕਾ ਵੀ ਇਹ ਇਮਾਰਤ ਹੀ ਸਿਖਾਉਂਦੀ ਹੈ। ਲੰਗਰ ਇਸ ਦਾ ਮਹੱਤਵਪੂਰਨ ਹਿੱਸਾ ਹੈ ਤੇ ਸੰਗਤ - ਪੰਗਤ ਦਾ ਸੰਕਲਪ ਲੋਕਾਂ ਨੂੰ ਦਿਖਾਉਣ ਲਈ ਨਹੀਂ ਹੈ, ਸਗੋਂ ਉਸ ਨੂੰ ਰੋਜ਼ਾਨਾ ਜੀਵਨ ਵਿੱਚ ਉਤਾਰਨ ਦਾ ਸੰਕਲਪ ਵੀ ਹੈ। ਗੁਰਦੁਆਰਾ ਸਾਹਿਬ ਇਸ ਤਰ੍ਹਾਂ ਸਿੱਖੀ ਦੀ ਪੂਰਨ ਪਰਿਭਾਸ਼ਾ ਹੈ। ਸਿੱਖੀ ਦੇ ਦਰਸ਼ਨ, ਫਲਸਫੇ ਜਾਂ ਫਿਲੌਸੌਫੀ ਬਾਰੇ ਜਾਣਨਾ ਹੋਵੇ ਤਾਂ ਗੁਰਦੁਆਰਾ ਸਾਹਿਬ ਵੱਲ ਮੂੰਹ ਕਰਨਾ ਚਾਹੀਦਾ ਹੈ।

ਸਾਡੇ ਹੁਣ ਦੇ ਲੀਡਰਾਂ ਦਾ ਹਾਲ ਇਹ ਹੈ ਕਿ ਗੁਰਦੁਆਰਾ ਸਾਹਿਬ ਦੀ ਸੇਵਾ ਸੰਭਾਲ ਦੇ ਨਾਮ 'ਤੇ ਆਪਣੇ ਟੀਚੇ ਕੋਈ ਹੋਰ ਹੀ ਰੱਖੇ ਹੁੰਦੇ ਹਨ ਤੇ ਮੂੰਹ ਉਧੱਰ, ਉਹਨਾਂ ਟੀਚਿਆਂ ਵੱਲ ਕੀਤਾ ਹੁੰਦੈ ਤੇ ਗੁਰੂ ਘਰ ਵੱਲ ਪਿੱਠ ਕੀਤੀ ਹੁੰਦੀ ਐ। ਜਦ ਟੀਚਾ ਗੁਰਦੁਆਰਾ ਸਾਹਿਬ ਦੀ ਸੇਵਾ ਸੰਭਾਲ ਹੈ ਹੀ ਨਹੀਂ ਤੇ ਕੁਝ ਹੋਰ ਹੀ ਹੈ ਤਾਂ ਫਿਰ ਪ੍ਰਾਪਤ ਵੀ ਉਹੀ ਕੁਝ ਹੋਣਾ ਹੈ। ਜਦ ਗੁਰਦੁਆਰਾ ਸਾਹਿਬ ਸੈਕੰਡਰੀ ਹੋ ਜਾਵੇ ਤੇ ਆਪਣੀਆਂ ਇੱਛਾਵਾਂ ਪ੍ਰਾਇਮਰੀ ਹੋ ਜਾਣ ਤਾਂ ਗੁਰੂ ਘਰ ਦਾ ਕੀ ਹਾਲ ਹੋ ਸਕਦਾ ਹੈ, ਇਸ ਬਾਰੇ ਅੰਦਾਜ਼ਾ ਲਾਉਣਾ ਬਹੁਤ ਔਖਾ ਨਹੀਂ।

ਰਿਸ਼ੀ ਪੁੱਤਰ, ਗੁਰਦੁਆਰੇ ਜੁੱਗੋ ਜੁੱਗ ਅਟਲ ਪਰਮ-ਸੱਤਾ ਦੇ ਕੇਂਦਰ ਹੁੰਦੇ ਨੇ। ਇਹ ਤਾਂ ਦੁਨਿਆਵੀ ਸੱਤਾ ਦੇ ਸਾਧਨ ਹਨ ਅਤੇ ਜਿਹਨਾਂ ਨੇ ਗੁਰੂ ਘਰਾਂ ਨੂੰ ਇਹ ਸਾਧਨ ਬਣਾਇਆ ਹੈ, ਪੁੱਤਰ ਉਹਨਾਂ ਨੇ ਇਹ ਠੀਕ ਨਹੀਂ ਕੀਤਾ। ਗੁਰਦੁਆਰੇ ਅਧਿਆਤਮ ਅਤੇ ਨਿਸ਼ਕਾਮ ਸੇਵਾ ਦਾ ਕੇਂਦਰ ਹੀ ਬਣੇ ਰਹਿਣੇ ਚਾਹੀਦੇ ਨੇ।

ਸਮੂਹਾਂ ਤੇ ਗਰੁੱਪਾਂ ਵਿੱਚ ਵੰਡੇ ਅਸੀਂ ਪਹਿਲਾਂ ਹੀ ਬਹੁਤ ਨੁਕਸਾਨ ਕਰਵਾ ਚੁੱਕੇ ਹਾਂ, ਰਿਸ਼ੀ ਬੇਟਾ। ਕੋਈ ਕਹਿੰਦੈ, ਮੈਨੂੰ ਨਹੀਂ ਪੁੱਛਿਆ, ਮੇਰੀ ਗੱਲ ਤਾਂ ਸੁਣੀ ਹੀ ਨਹੀਂ, ਸਾਨੂੰ ਨਹੀਂ ਸੱਦਿਆ, ਸਾਡਾ ਬੰਦਾ ਨਹੀਂ ਰੱਖਿਆ: ਇਹਨਾਂ ਸਾਰੀਆਂ ਗੱਲਾਂ ਵਿੱਚ ਉੱਭਰਵਾਂ ਕੀ ਹੈ ਭਲਾ? ਮੈਨੂੰ ਨਹੀਂ ਪੁੱਛਿਆ, ਮੇਰੀ ਗੱਲ ਨਹੀਂ ਸੁਣੀ, ਸਾਨੂੰ ਨਹੀਂ ਸੱਦਿਆ, ਸਾਡਾ ਬੰਦਾ ਨਹੀਂ ਰੱਖਿਆ। ਰਿਸ਼ੀ, ਮੈਨੂੰ ਤਾਂ ਇਹਦੇ ਵਿੱਚ ਮੈਂ, ਮੇਰੀ, ਸਾਨੂੰ, ਸਾਡਾ ਦਾ ਰੌਲਾ ਹੀ ਨਜ਼ਰ ਆਉਂਦਾ ਹੈ। ਚਲੋ, ਮੰਨ ਲੈਨੇ ਆਂ ਕਿ ਇੰਜ ਹੀ ਹੋਇਆ ਹੋ ਸਕਦਾ ਹੈ ਕਿ ਮੈਨੂੰ ਨਹੀਂ ਪੁੱਛਿਆ, ਮੇਰੀ ਗੱਲ ਤਾਂ ਸੁਣੀ ਹੀ ਨਹੀਂ, ਸਾਨੂੰ ਨਹੀਂ ਸੱਦਿਆ, ਸਾਡਾ ਬੰਦਾ ਨਹੀਂ ਰੱਖਿਆ - ਪਰ ਇਸ ਸਭ ਕਾਸੇ ਨਾਲ ਗੁਰਦੁਆਰੇ ਦਾ ਕੀ ਨੁਕਸਾਨ ਹੋਇਆ? ਭਲਾ ਮੇਰੀ ਕੀ ਔਕਾਤ ਹੈ ਕਿ ਜੇ ਮੈਨੂੰ ਨਹੀਂ ਪੁੱਛਿਆ ਤਾਂ ਕੀ ਵਿਗੜ ਗਿਆ? ਕੁਝ ਵੀ ਨਹੀਂ! ਹਾਂ, ਇਸ ਨਾਲ ਸਿਰਫ਼ ਮੇਰੀ ਤੇ ਸਾਡੀ ਹਉਮੈ ਨੂੰ ਸੱਟ ਵੱਜੀ ਜ਼ਰੂਰ ਨਜ਼ਰ ਆਉਂਦੀ ਹੈ। ਇਸ ਦਾ ਮਤਲਬ ਇਹ ਹੋਇਆ ਕਿ ਮੇਰੀ ਹਉਮੈ ਨੂੰ ਪੱਠੇ ਪਾਈ ਜਾਉ!

ਬਰਖੁਰਦਾਰ, ਤੁਹਾਡੇ ਪਿੰਡ ਵਾਲੇ ਸ. ਪ੍ਰਤਾਪ ਸਿੰਘ ਸ਼ੰਕਰ ਸਾਲ 1933 ਤੋਂ 1936 ਤੱਕ ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਹੇ ਸਨ। ਮੈਂ ਉਹਨਾਂ ਤੋਂ ਬਹੁਤ ਕੁੱਝ ਸਿੱਖਿਆ। ਪ੍ਰਧਾਨ ਹੁੰਦਿਆਂ ਉਹ ਆਪਣੇ ਪਿੰਡ ਸ਼ੰਕਰ ਤੋਂ ਰੇਲ ਗੱਡੀ ਰਾਹੀਂ ਹਰ ਰੋਜ਼ ਅੰਮ੍ਰਿਤਸਰ ਆਉਂਦੇ ਸਨ ਤੇ ਉਹਨਾਂ ਕੋਲ ਖੱਦਰ ਦੇ ਪੌਣੇ ਵਿੱਚ ਘਰੋਂ ਲਿਆਂਦੀ ਰੋਟੀ ਬੰਨ੍ਹੀ ਹੁੰਦੀ ਸੀ। ਉਹਨਾਂ ਆਪਣੇ 3 ਸਾਲ ਦੇ ਕਾਰਜਕਾਲ ਵਿੱਚ ਇਕ ਵੀ ਪੈਸਾ ਗੁਰੂ ਦੀ ਗੋਲਕ ਵਿਚੋਂ ਲੈ ਕੇ ਆਪਣੇ ਵਾਸਤੇ ਖ਼ਰਚ ਨਹੀਂ ਕੀਤਾ ਸੀ। ਉਹਨਾਂ ਦੀ ਇਮਾਨਦਾਰੀ ਦੀ ਮਿਸਾਲ ਅਜਿਹੀਆਂ ਚਿੱਠੀਆਂ ਵਿਚੋਂ ਅੱਜ ਵੀ ਪੜ੍ਹੀ ਜਾ ਸਕਦੀ ਹੈ। ਉਹ ਫੌਜ ਵਿਚੋਂ ਰਿਟਾਇਰ ਹੋ ਕੇ ਆਏ ਸਨ ਤੇ ਆਪਣੀ ਪੈਂਸ਼ਨ ਵਿਚੋਂ ਸਾਰਾ ਖ਼ਰਚ ਕਰਦੇ ਸਨ। ਅਜਿਹੀਆਂ ਮਿਸਾਲਾਂ ਅੱਜ ਲੱਭਣੀਆਂ ਔਖੀਆਂ ਹੋ ਚੁੱਕੀਆਂ ਹਨ।

ਰਿਸ਼ੀ ਪੁੱਤਰ, ਮੈਨੂੰ ਤਾਂ ਲੱਗਦੈ ਕਿ ਹੁਣ ਦੇ ਗੁਰੂ ਘਰਾਂ ਦੇ ਪ੍ਰਬੰਧਾਂ ਤਹਿਤ ਸੇਵਾ ਕਰਨ ਦੀ ਭਾਵਨਾ ਤਾਂ ਗਾਇਬ ਹੀ ਹੋ ਚੁੱਕੀ ਹੈ। ਜਿਹੜੇ ਸੇਵਾ ਕਰਦੇ ਹਨ, ਕਦੀ ਉਹਨਾਂ ਨੂੰ ਪੁੱਛ ਕੇ ਦੇਖੋ ਕਿ ਪਿਛਲੇ ਮਹੀਨੇ ਗੋਲਕ ਵਿਚੋਂ ਕੀ ਨਿੱਕਲਿਆ ਸੀ? ਕਦੀ ਜੋੜੇ ਦੀ ਸੇਵਾ ਕਰਨ ਵਾਲੇ ਨੇ ਪ੍ਰਬੰਧਕ ਕਮੇਟੀ ਦੇ ਪ੍ਰਧਾਨਗੀ ਵੱਲ ਤੱਕਿਆ ਹੋਵੇ - ਜਾਣਦੇ ਹੋ ਕਿਸੇ ਅਜਿਹੇ ਵਿਅਕਤੀ ਨੂੰ? ਕਦੀ ਕਿਸੇ ਪ੍ਰਧਾਨ ਨੇ ਕਿਹਾ ਹੋਵੇ ਕਿ ਉਹ ਅਗਲੇ ਸਾਲ ਸਿਰਫ਼ ਜੋੜਿਆਂ ਦੀ ਸੇਵਾ ਕਰੇਗਾ - ਜਾਣਦੇ ਹੋ ਕਿਸੇ ਅਜਿਹੇ ਵਿਅਕਤੀ ਨੂੰ? ਪ੍ਰਧਾਨਗੀ ਦੀ ਟਰਮ ਪੂਰੀ ਕਰਕੇ ਐਮ ਪੀ ਜਾਂ ਐਮ ਐਲ ਏ ਜਾਂ ਕੌਂਸਲਰ ਬਣਨ ਲਈ ਤਰਲੋ ਮੱਛੀ ਹੁੰਦੇ ਬੰਦੇ ਆਮ ਮਿਲ ਜਾਣਗੇ। ਬੇਟਾ ਜੀ, ਗੁਰਮਤ ਦੇ ਧਾਰਣੀ ਬਣੋ ਤੇ ਨਿਸ਼ਕਾਮ ਸੇਵਾ ਕਰੋ; ਅਹੁਦਿਆਂ ਦੀ ਬਖ਼ਸ਼ਿਸ਼ ਗੁਰੂ ਮਹਾਰਾਜ ਨੇ ਆਪ ਕਰਨੀ ਹੈ।

ਰਿਸ਼ੀ ਪੁੱਤਰ, ਇਕ ਗੱਲ ਚੇਤੇ ਰੱਖਣੀ ਕਿ ਸਤਿਗੁਰ ਦਿਲਾਂ ਦੇ ਭੇਤ ਜਾਣਦੇ ਹਨ ਤੇ ਕਦੀ ਵੀ ਕਿਸੇ ਦੀ ਮਿਹਨਤ ਨੂੰ ਅਜਾਈਂ ਨਹੀਂ ਜਾਣ ਦਿੰਦੇ। ਜਦੋਂ ਜਦੋਂ ਵੀ ਧਰਮ ਦੀ ਹਾਨੀ ਹੋਈ ਹੈ, ਉਹ ਉਦੋਂ ਹੀ ਹੋਈ ਹੈ ਜਦੋਂ ਗੁਰੂ ਘਰਾਂ ਦੀ ਸਾਂਭ ਸੰਭਾਲ ਲਈ ਅੱਗੇ ਆਏ ਲੋਕਾਂ ਨੇ ਗੁਰੂ ਘਰਾਂ ਵੱਲ ਪਿਠ ਕਰ ਲਈ ਤੇ ਸੂਬਿਆਂ ਤੇ ਦੇਸ਼ਾਂ ਦੀਆਂ ਰਾਜਧਾਨੀਆਂ ਵੱਲ ਮੂੰਹ ਘੁਮਾ ਲਿਆ।

ਬਰਖੁਰਦਾਰ, ਆਮ ਜਨਤਾ ਜਦੋਂ ਗੁਰੂ ਘਰ ਜਾਂਦੀ ਐ ਤਾਂ ਉਸ ਦੇ ਮਨ ਵਿੱਚ ਗੁਰੂ ਦਾ ਡਰ ਹੁੰਦਾ ਹੈ। ਗੁਰੂ ਦਾ ਭੈਅ ਹੁੰਦਾ ਹੈ। ਮੈਂ ਇਹ ਗੱਲ ਆਪਣੇ ਕਈ ਭਾਸ਼ਣਾਂ ਵਿੱਚ ਕਹੀ, ਕਾਕਾ ਜੀ, ਕਿ ਭੈਅ - ਭਉ ਵੀ ਹੈ - ਜਿਸਦਾ ਮਤਲਬ ਹੈ ਭਾਣਾ! ਭੈ ਵਿੱਚ ਸੂਰਜ ਭੈ ਵਿਚਿ ਚੰਦ ਦਾ ਮਤਲਬ ਹੈ ਕਿ ਇਹ ਭਾਣੇ ਵਿੱਚ ਚੱਲਦੇ ਹਨ ਇਹ! ਇਸ ਵਿਚ ਡਰ ਦਾ ਅਰਥ ਨਹੀਂ ਹੈ। ਭੈ, ਮਤਲਬ ਭਉ, ਮਤਲਬ ਭਾਣਾ। ਗੁਰੂ ਦਾ ਭਾਣਾ ਸਭ ਤੋਂ ਵੱਡਾ ਹੈ ਪਰ ਅਫ਼ਸੋਸ ਹੈ ਕਿ ਅਸੀਂ ਇਹ ਸਭ ਭੁਲਾ ਦਿੱਤਾ ਹੈ। ਜਦੋਂ ਸਾਡਾ ਪੰਥ ਤੇ ਸਾਡੇ ਪੰਥਕ ਆਗੂ ਸਿਰਫ਼ ਇਸ ਗੱਲ 'ਤੇ ਲੜਣਗੇ ਕਿ ਸਾਡਾ ਬੰਦਾ, ਸਾਡੀ ਕਮੇਟੀ, ਮੇਰੀ ਰਾਇ, ਮੇਰਾ ਨਾਮ ਆਦਿ ਪਹਿਲੇ ਨੰਬਰ 'ਤੇ ਹਨ ਤੇ ਮੱਹਤਵਪੂਰਨ ਹਨ ਅਤੇ ਗੁਰੂ-ਘਰ ਦੀ ਸੇਵਾ ਦੂਜੇ ਨੰਬਰ 'ਤੇ ਆ ਜਾਣੀ ਹੈ ਤਾਂ ਸਮਝ ਲਉ ਕਿ ਅੱਗੇ ਹਨੇਰਾ ਹੀ ਹਨੇਰਾ ਹੀ ਹੈ।

ਪੁੱਤਰ, ਚਿਹਰੇ ਬਦਲ ਕੇ, ਗਰੁਪ ਬਦਲ ਕੇ ਆਏ ਉਹੀ ਲੋਕਾਂ ਨੂੰ ਜੇ ਅੱਗੇ ਕਰੋਗੇ ਜਿਹਨਾਂ ਨੇ ਪਹਿਲਾਂ ਬੇੜਾ ਗ਼ਰਕ ਕੀਤਾ ਹੈ ਜਾਂ ਬੇੜਾ ਗ਼ਰਕ ਕਰਨ ਦੇ ਕਿਨਾਰੇ ਲੈ ਆਂਦਾ ਹੈ ਤਾਂ ਅੱਗੋਂ ਤੁਸੀਂ ਕੀ ਉਹਨਾਂ ਤੋਂ ਕੀ ਆਸ ਰੱਖਦੇ ਹੋ? ਨਵੀਂ ਲੀਡਰਸ਼ਿਪ ਲੱਭੋ, ਆਪਣੀ ਹਉਮੈ ਛੱਡੋ, ਗੁਰੂ ਤੇ ਗੁਰੂ ਘਰ ਨੂੰ ਵੱਡਾ ਮੰਨੋ ਤੇ ਭੈ ਜਾਂ ਭਾਣੇ ਵਿੱਚ ਰਹਿ ਕੇ ਸਿਰਫ਼ ਨਿਰ-ਸਵਾਰਥ ਸੇਵਾ ਲਈ ਡਟ ਜਾਉ।

ਰਿਸ਼ੀ ਪੁੱਤਰ, ਗੁਰੂ ਬਾਣੀ ਤੇ ਸਿੱਖ ਫਲਸਫਾ ਕਿੱਥੇ ਕਿਸੇ ਨੂੰ ਗਾਲ੍ਹਾਂ ਕੱਢਣ ਦੀ ਗੱਲ ਕਰਦੇ ਨੇ? ਦੂਜੇ ਨੂੰ ਮਾੜਾ ਕਹਿਣ ਵਾਲੇ ਕਦੀ ਨਹੀਂ ਸੋਚਦੇ ਕਿ ਉਹਨਾਂ ਦਾ ਆਪਣਾ ਕਿਰਦਾਰ ਕੀ ਹੈ! ਇਹ ਅਫ਼ਸੋਸ ਵਾਲੀ ਗੱਲ ਨਹੀਂ, ਬਰਖ਼ੁਰਦਾਰ?

ਅਸੀਂ ਤਾਂ ਆਪਣਾ ਸਮਾਂ ਵਿਹਾਅ ਚੁੱਕੇ ਲੋਕ ਆਂ। ਸਾਡੇ ਤਾਂ ਨਾਮ ਵੀ ਚੇਤੇ ਨਹੀਂ ਹੋਣੇ ਲੋਕਾਂ ਨੂੰ। ਪਰ ਅਸੀਂ ਗੁਰੂ ਨੂੰ ਪਿੱਠ ਵਿਖਾਉਣ ਵਾਲੇ ਨਹੀਂ ਸਾਂ। ਅਸੀਂ ਨਿੱਜ, ਲਾਲਚ ਤੇ ਹਉਮੈ ਦੇ ਮਗਰ ਲੱਗਣ ਵਾਲੇ ਵੀ ਨਹੀਂ ਸਾਂ। ਸਾਨੂੰ ਗੁਰੂ, ਗੁਰੂ-ਘਰ, ਸੇਵਾ ਤੇ ਸੰਭਾਲ ਦਾ ਫਿਕਰ ਸੀ। ਤੁਸੀਂ ਮੈਂ, ਮੇਰਾ, ਮੈਨੂੰ ਤੇ ਅਸੀਂ, ਸਾਡਾ, ਸਾਨੂੰ ਦੇ ਕੁਚੱਕਰ ਵਿੱਚ ਫਸ ਗਏ ਹੋ ਬੇਟਾ ਜੀ। ਵਾਹਿਗੁਰੂ ਜ਼ਰੂਰ ਭਲੀ ਕਰਨਗੇ! ਸਾਨੂੰ ਸਭ ਨੂੰ ਸੁਮੱਤ ਉਹਨਾਂ ਨੇ ਹੀ ਬਖਸ਼ਣੀ ਹੈ। ਇਕ ਵਾਰ ਸੱਚੇ ਮਨੋਂ ਅਰਦਾਸ ਕਰਕੇ ਤਾਂ ਵੇਖੋ!

ਖਾਲਸਾ, ਖਾਲਸ ਹੀ ਰਿਹਾ ਹੈ ਤੇ ਰਹੇਗਾ!
ਬੇਟਾ ਜੀ, ਚੇਤੇ ਰੱਖਣਾ ਕਿ ਵਾਹਿਗੁਰੂ ਬਹੁਤ ਵੱਡਾ ਹੈ - ਏਨਾ ਕਿ ਜਿੰਨਾ ਅਸੀਂ ਸੋਚ ਵੀ ਨਹੀਂ ਸਕਦੇ!

ਜਾਨ ਕੋ ਦੇਤ ਅਜਾਨ ਕੋ ਦੇਤ
ਜਮੀਨ ਕੋ ਦੇਤ ਜਮਾਨ ਕੋ ਦੇ ਹੈ
ਕਾਹੇ ਕੋ ਡੋਲਤ ਹੈ ਤੁਮਰੀ ਸੁਧਿ
ਸੁੰਦਰ ਸ੍ਰੀ ਪਦਮਾਪਤਿ ਲੈ ਹੈ।

ਵਾਹਿਗੁਰੂ ਜੀ ਕਾ ਖਾਲਸਾ।
ਵਾਹਿਗੁਰੂ ਜੀ ਕੀ ਫ਼ਤਹਿ॥

**ਦਾਸ, ਮੋਹਨ ਸਿੰਘ ਤੁੜ!**



ਜਬ ਤੱਕ ਜੀਣਾ, ਉਦੋਂ ਤੱਕ ਸਿੱਖਣਾ, ਅਨੁਭਵ ਹੀ ਜਗਤ ਵਿਚ ਸਭ ਪ੍ਰਮੁੱਖ ਅਧਿਆਪਕ ਹੈ।
ਸਵਾਮੀ ਵਿਵੇਕਾਨੰਦ

ਮੁੱਖ ਸੰਪਾਦਕ ਹਰਬੰਸ ਸਿੰਘ ਬੁੱਟਰ
403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.
-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ, ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ, ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ, ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।
– ਸੰਪਾਦਕ

# ਸਾਲ 2025 ਦੇ 51,000 ਕੈਨੇਡੀਅਨ ਡਾਲਰ ਦੇ ਢਾਹਾਂ ਸਾਹਿਤ ਇਨਾਮ ਦੇ ਫਾਈਨਲ ਵਿੱਚ ਪੁੱਜੀਆਂ ਤਿੰਨ ਪੰਜਾਬੀ ਪੁਸਤਕਾਂ ਤੇ ਉਨ੍ਹਾਂ ਲੇਖਕਾਂ ਦੇ ਨਾਵਾਂ ਦਾ ਐਲਾਨ

**☛ ਮਾਂ-ਬੋਲੀ ਪੰਜਾਬੀ ਦੇ ਸਭ ਤੋਂ ਵੱਡੇ ਢਾਹਾਂ ਸਾਹਿਤ ਇਨਾਮ - 2025 ਵਾਸਤੇ ਤਿੰਨ ਪੰਜਾਬੀ ਪੁਸਤਕਾਂ ਤੇ ਉਨ੍ਹਾਂ ਲੇਖਕਾਂ ਦੇ ਨਾਵਾਂ ਐਲਾਨ**

**☛ ਪੰਜਾਬੀ ਦੇ ਸਭ ਤੋਂ ਵੱਡੇ 51 ਹਜ਼ਾਰ ਡਾਲਰ ਵਾਲੇ ਢਾਹਾਂ ਸਾਹਿਤ ਇਨਾਮ - 2025 ਲਈ ਬਲਬੀਰ ਪਰਵਾਨਾ, ਮੁਦੱਸਰ ਬਸ਼ੀਰ ਤੇ ਭਗਵੰਤ ਰਸੂਲਪੁਰੀ ਦੀਆਂ ਪੁਸਤਕਾਂ ਦੀ ਚੋਣ**

ਸਰੀ (ਪੰਜਾਬੀ ਅਖ਼ਬਾਰ ਬਿਊਰੋ)- ਕੈਨੇਡਾ ਦੀ ਧਰਤੀ ਤੋਂ ਸਾਲ 2013 ਵਿਚ ਆਰੰਭ ਹੋਏ ਅਤੇ ਪੰਜਾਬੀ ਸਾਹਿਤ ਦੇ ਪ੍ਰਚਾਰ-ਪ੍ਰਸਾਰ ਨੂੰ ਸਮਰਪਿਤ 51000 ਕੈਨੇਡੀਅਨ ਡਾਲਰ ਦੇ ਢਾਹਾਂ ਸਾਹਿਤ ਇਨਾਮ 2025 ਦੇ ਆਖਰੀ ਪੜਾਅ ਵਿਚ ਪੁੱਜੀਆਂ ਤਿੰਨ ਪੁਸਤਕਾਂ ਅਤੇ ਉਹਨਾਂ ਦੇ ਲੇਖਕਾਂ ਦੇ ਨਾਵਾਂ ਦਾ ਐਲਾਨ ਸਰੀ ਲਾਇਬ੍ਰੇਰੀ ਦੀ ਨਿਊਟਨ ਸ਼ਾਖਾ ਵਿਖੇ ਹੋਈ ਪ੍ਰੈਸ ਕਾਨਫਰੰਸ ਦੌਰਾਨ ਕਰ ਦਿੱਤਾ ਗਿਆ ਹੈ। ਇਸ ਮੌਕੇ ਸ. ਬਰਜਿੰਦਰ ਸਿੰਘ ਢਾਹਾਂ ਬਾਨੀ ਢਾਹਾਂ ਸਾਹਿਤ ਇਨਾਮ ਨੇ ਸੰਬੋਧਨ ਕਰਦੇ ਤਿੰਨ ਫਾਈਨਲਿਸਟਾਂ ਸ੍ਰੀ ਬਲਬੀਰ ਪਰਵਾਨਾ (ਜਲੰਧਰ) ਦੇ ਨਾਵਲ 'ਰੌਲਿਆਂ ਵੇਲੇ', ਸ੍ਰੀ ਮੁਦੱਸਰ ਬਸ਼ੀਰ (ਲਾਹੌਰ) ਦੇ ਨਾਵਲ 'ਗੋਇਲ' ਅਤੇ ਸ੍ਰੀ ਭਗਵੰਤ ਰਸੂਲਪੁਰੀ (ਜਲੰਧਰ) ਦੇ ਕਹਾਣੀ ਸੰਗ੍ਰਹਿ 'ਡਲਿਵਰੀ ਮੈਨ' ਦੇ ਨਾਵਾਂ ਦਾ ਐਲਾਨ ਕੀਤਾ। ਉਹਨਾਂ ਦੱਸਿਆ ਕਿ ਨੌਰਥਵਿਊ ਗੋਲਫ ਐਂਡ ਕੰਟਰੀ ਕਲੱਬ ਸਰੀ ਵਿਚ 13 ਨਵੰਬਰ 2025 ਨੂੰ ਹੋ ਰਹੇ ਸਨਮਾਨ ਸਮਾਰੋਹ ਵਿਚ ਇਹਨਾਂ ਵਿਚੋਂ ਇੱਕ ਪੁਸਤਕ ਨੂੰ 25 ਹਜ਼ਾਰ ਕੈਨੇਡੀਅਨ ਡਾਲਰ ਦਾ ਇਨਾਮ ਅਤੇ ਦੋਵਾਂ ਨੂੰ 10-10 ਹਜ਼ਾਰ ਕੈਨੇਡੀਅਨ ਡਾਲਰ ਦਾ ਢਾਹਾਂ ਸਾਹਿਤ ਇਨਾਮ ਬਹੁਤ ਸਤਿਕਾਰ ਸਹਿਤ ਭੇਟ ਕੀਤਾ ਜਾਵੇਗਾ। ਇਸ ਮੌਕੇ ਜੇਤੂ ਕਿਤਾਬਾਂ ਦੇ ਗੁਰਮੁਖੀ ਜਾਂ ਸ਼ਾਹਮੁਖੀ ਵਿੱਚ ਲਿਪੀਅੰਤਰਨ ਕਰਨ ਲਈ ਵੀ 6,000 ਕੈਨੇਡੀਅਨ ਡਾਲਰ ਦਾ ਸਨਮਾਨ ਭੇਟ ਕੀਤਾ ਜਾਵੇਗਾ।




ਸਾਲ 2025 ਦੇ ਢਾਹਾਂ ਸਾਹਿਤ ਇਨਾਮ ਲਈ ਚੁਣੇ ਗਏ ਤਿੰਨ ਲੇਖਕਾਂ ਬਲਬੀਰ ਪਰਵਾਨਾ, ਮੁਦੱਸਰ ਬਸ਼ੀਰ ਤੇ ਭਗਵੰਤ ਰਸੂਲਪੁਰੀ ਅਤੇ ਉਹਨਾਂ ਪੁਸਤਕਾਂ ਦੀ ਤਸਵੀਰ

ਸ. ਬਰਜਿੰਦਰ ਸਿੰਘ ਢਾਹਾਂ ਨੇ ਗੱਲਬਾਤ ਕਰਦੇ ਕਿਹਾ ਕਿ ਢਾਹਾਂ ਸਾਹਿਤ ਇਨਾਮ ਦਾ ਉਦੇਸ਼ ਮਾਂ ਬੋਲੀ ਪੰਜਾਬੀ ਵਿਚ ਰਚੇ ਪੰਜਾਬੀ ਸਾਹਿਤ ਦਾ ਵਿਸ਼ਵ ਪੱਧਰ 'ਤੇ ਪ੍ਰਚਾਰ ਅਤੇ ਪਸਾਰ ਕਰਨਾ, ਪੰਜਾਬੀ ਗਲਪ ਦੀਆਂ ਨਵੀਆਂ ਉੱਤਮ ਰਚਨਾਵਾਂ ਲਈ ਪੰਜਾਬੀ ਪਾਠਕਾਂ ਨੂੰ ਪ੍ਰੇਰਿਤ ਕਰਨਾ, ਲੇਖਕਾਂ ਦੀ ਹੌਸਲਾ ਅਫ਼ਜ਼ਾਈ ਕਰਨੀ ਅਤੇ ਸਰਹੱਦੋਂ ਪਾਰ ਸੱਭਿਆਚਾਰਕ ਸਬੰਧਾਂ ਨੂੰ ਮਜ਼ਬੂਤ ਕਰਨਾ ਹੈ। ਇਸ ਦੇ ਇਨਾਮ ਦੇ ਜੇਤੂ ਜਿੱਥੇ ਪੰਜਾਬੀ ਸਾਹਿਤ ਜਗਤ ਦੇ ਉੱਚ ਕੋਟੀ ਦੇ ਨਾਵਲਕਾਰ ਅਤੇ ਕਹਾਣੀਕਾਰ ਹਨ, ਉੱਥੇ ਉਹਨਾਂ ਦੀਆਂ ਪੁਸਤਕਾਂ ਦੇ ਵਿਸ਼ੇ ਪੰਜਾਬੀ ਸਾਹਿਤ ਜਗਤ ਨੂੰ ਇਕ ਵਿੱਲਖਣ ਸੁਨੇਹਾ ਦਿੰਦੀਆਂ ਹਨ। ਸ. ਢਾਹਾਂ ਨੇ ਦੱਸਿਆ ਕਿ ਜਿਊਰੀ ਨੂੰ ਇਸ ਸਾਲ ਇਨਾਮ ਲਈ ਕੈਨੇਡਾ, ਭਾਰਤ, ਪਾਕਿਸਤਾਨ, ਆਸਟ੍ਰੇਲੀਆ, ਅਮਰੀਕਾ ਅਤੇ ਯੂ.ਕੇ. ਤੋਂ 55 ਪੁਸਤਕਾਂ ਪ੍ਰਾਪਤ ਹੋਈਆਂ। ਸ. ਢਾਹਾਂ ਨੇ ਕਿਹਾ ਕਿ ਢਾਹਾਂ ਸਾਹਿਤ ਇਨਾਮ ਨੇ ਹੱਦਾਂ-ਸਰਹੱਦਾਂ ਤੋਂ ਉੱਪਰ ਉੱਠਕੇ ਗੁਰਮੁਖੀ ਅਤੇ ਸ਼ਾਹਮੁਖੀ ਦੋਵਾਂ ਲਿਪੀਆਂ ਵਿੱਚ ਪੰਜਾਬੀ ਸਾਹਿਤ ਦੇ ਸਥਾਪਿਤ ਅਤੇ ਨਵੇਂ ਲੇਖਕਾਂ ਨੂੰ ਉਤਸ਼ਾਹਿਤ ਕਰ ਰਿਹਾ ਹੈ ਤੇ ਦੋਵਾਂ ਪੰਜਾਬਾਂ ਵਿਚ ਸਾਂਝਾਂ ਦਾ ਪੁਲ ਬਣ ਰਿਹਾ ਹੈ। ਉਹਨਾਂ ਇਹ ਵੀ ਜਾਣਕਾਰੀ ਦਿੱਤੀ ਕਿ 13 ਨਵੰਬਰ ਨੂੰ ਹੋ ਰਹੇ ਸਨਮਾਨ ਸਮਾਰੋਹ ਵਿੱਚ ਪ੍ਰਸਿੱਧ ਕੈਨੇਡੀਅਨ ਨਾਵਲਕਾਰ ਗੁਰਜਿੰਦਰ ਬਸਰਾਨ ਮੁੱਖ ਬੁਲਾਰੇ ਵਜੋਂ ਸ਼ਾਮਲ ਹੋਣਗੇ ਅਤੇ ਇਸ ਮੌਕੇ ਕਲਾਕਾਰਾਂ ਵੱਲੋਂ ਸ਼ਾਨਦਾਰ ਸੰਗੀਤਕ ਪੇਸ਼ਕਾਰੀਆਂ ਵੀ ਹੋਣਗੀਆਂ।

ਢਾਹਾਂ ਇਨਾਮ ਸਲਾਹਕਾਰ ਕਮੇਟੀ ਦੇ ਚੇਅਰਮੈਨ ਸ੍ਰੀ ਬਲਬੀਰ ਮਾਧੋਪੁਰੀ ਨੇ ਕਿਹਾ ਕਿ ਜਿਊਰੀ ਵੱਲੋਂ ਇਨਾਮਾਂ ਲਈ ਪ੍ਰਾਪਤ ਅਰਜ਼ੀਆਂ ਵਿੱਚੋਂ ਤਿੰਨ ਫਾਈਨਲਿਸਟਾਂ ਦੀ ਚੋਣ ਬਹੁਤ ਹੀ ਯੋਗ ਤੇ ਨਿਰਪੱਖ ਢੰਗ ਨਾਲ ਕੀਤੀ ਗਈ ਹੈ। ਸਨਮਾਨਿਤ ਪੁਸਤਕਾਂ ਦਾ ਐਲਾਨ ਕਰਨ ਮੌਕੇ ਹੋਏ ਸਮਾਗਮ ਦੇ ਮੁੱਖ ਮਹਿਮਾਨ ਕੈਨੇਡੀਅਨ ਸੈਨੇਟਰ ਬਲਤੇਜ ਸਿੰਘ ਢਿੱਲੋਂ ਸਨ। ਇਸ ਮੌਕੇ ਪ੍ਰਸਿੱਧ ਨਾਵਲਕਾਰ ਸ. ਜਰਨੈਲ ਸਿੰਘ ਸੇਖਾ, ਸ਼ਾਇਰ ਸ੍ਰੀ ਮੋਹਨ ਗਿੱਲ, ਸ੍ਰੀ ਅਜਮੇਰ ਰੋਡੇ, ਸ੍ਰੀ ਸਾਧੂ ਬਿਨਿੰਗ ਤੋਂ ਇਲਾਵਾ ਅਨੇਕਾਂ ਸਾਹਿਤ ਪ੍ਰੇਮੀ ਵੀ ਹਾਜ਼ਰ ਸਨ।

ਵਰਨਣਯੋਗ ਹੈ ਕਿ ਢਾਹਾਂ ਸਾਹਿਤ ਇਨਾਮ ਵੈਨਕੂਵਰ, ਕੈਨੇਡਾ ਵਿਚ ਕੈਨੇਡਾ ਇੰਡੀਆ ਐਜੂਕੇਸ਼ਨ ਸੋਸਾਇਟੀ ਦੁਆਰਾ ਦਿੱਤਾ ਜਾਂਦਾ ਹੈ ਅਤੇ ਜੋ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਦੇ ਡਿਪਾਰਟਮੈਂਟ ਆਫ ਏਸ਼ੀਅਨ ਸਟੱਡੀਜ਼ ਦੇ ਸਹਿਯੋਗ ਨਾਲ ਬਣਾਇਆ ਗਿਆ ਸੀ। ਇਸ ਇਨਾਮ ਦੇ ਬਾਨੀ ਸੰਸਥਾਪਕ ਸ. ਬਰਜਿੰਦਰ ਸਿੰਘ ਢਾਹਾਂ ਤੇ ਉਹਨਾਂ ਸੁਪਤਨੀ ਬੀਬੀ ਰੀਟਾ ਢਾਹਾਂ ਹਨ। ਦੱਖਣ ਏਸ਼ਿਆਈ ਭਾਸ਼ਾਵਾਂ ਵਿੱਚੋਂ ਢਾਹਾਂ ਸਾਹਿਤ ਇਨਾਮ ਪੰਜਾਬੀ ਭਾਸ਼ਾ ਦੀ ਗੁਰਮੁਖੀ ਜਾਂ ਸ਼ਾਹਮੁਖੀ ਲਿਪੀ ਦੀਆਂ ਗਲਪ ਪੁਸਤਕਾਂ ਲਈ ਸਭ ਤੋਂ ਵੱਡਾ ਅੰਤਰਰਾਸ਼ਟਰੀ ਸਾਹਿਤਕ ਇਨਾਮ ਹੈ, ਜੋ ਵੈਨਕੂਵਰ, ਬ੍ਰਿਟਿਸ਼ ਕੋਲੰਬੀਆ ਵਿਖੇ ਸਾਲ 2013 ਵਿਚ ਸਥਾਪਿਤ ਕੀਤਾ ਗਿਆ ਸੀ, ਜਿੱਥੇ ਪੰਜਾਬੀ ਲੋਕਾਂ ਦਾ, ਪੰਜਾਬੀ ਭਾਸ਼ਾ ਦਾ ਅਤੇ ਪੰਜਾਬੀ ਸੱਭਿਆਚਾਰ ਦਾ ਇੱਕ ਅਮੀਰ ਇਤਿਹਾਸ ਹੈ। ਪੰਜਾਬੀ ਹੁਣ ਕੈਨੇਡਾ ਵਿੱਚ ਤੀਜੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ ਅਤੇ ਦੇਸ਼ ਦੇ ਬਹੁ-ਸੱਭਿਆਚਾਰ ਦਾ ਪ੍ਰਮੁੱਖ ਹਿੱਸਾ ਹੈ।

# ਸਫ਼ਲਤਾ ਦਾ ਰਹੱਸ ਹੈ ਲਗਨ ਨਾਲ ਲੱਗੇ ਰਹਿਣਾ



ਪ੍ਰੋ. (ਡਾ.) ਹਰਜਿੰਦਰ ਵਾਲੀਆ

ਇਕ ਸੰਤ ਨੇ ਆਪਣੇ ਚੇਲਿਆਂ ਨੂੰ ਕਿਹਾ ਕਿ ਮੈਨੂੰ ਪਾਣੀ ਚਾਹੀਦਾ ਹੈ। ਇਸ ਲਈ ਖੂਹ ਪੁੱਟੋ। ਚੇਲਿਆਂ ਨੇ ਖੂਹ ਪੁੱਟਣਾ ਸ਼ੁਰੂ ਕੀਤਾ, ਜਦੋਂ ਉਹ 20-25 ਫੁੱਟ ਤੱਕ ਡੂੰਘਾ ਪੁੱਟ ਚੁੱਕੇ ਸਨ ਤਾਂ ਉਨ੍ਹਾਂ ਦੇਖਿਆ, ਪਾਣੀ ਮਿਲਣ ਦਾ ਕੋਈ ਆਸਾਰ ਨਜ਼ਰ ਨਹੀਂ ਆ ਰਿਹਾ, ਉਨ੍ਹਾਂ ਸੰਤ ਨੂੰ ਕਿਹਾ:

"ਗੁਰੂ ਜੀ ਪਾਣੀ ਤਾਂ ਨਹੀਂ ਮਿਲਿਆ"

"ਕਿਤੇ ਹੋਰ ਪੁੱਟ ਲਵੋ" ਸੰਤ ਨੇ ਸੁਝਾਅ ਦਿੱਤਾ।

ਉਨ੍ਹਾਂ ਨੇ ਥੋੜ੍ਹੀ ਦੂਰ ਜਾ ਕੇ ਫਿਰ ਖ਼ੁਦਾਈ ਸ਼ੁਰੂ ਕਰ ਦਿੱਤੀ ਅਤੇ 20-25 ਫੁੱਟ ਦੀ ਡੂੰਘਾਈ ਵਿਚ ਇਥੇ ਵੀ ਪਾਣੀ ਦੀ ਬੂੰਦ ਨਹੀਂ ਸੀ। ਉਨ੍ਹਾਂ ਇਕ ਹੋਰ ਥਾਂ ਲੱਭ ਕੇ ਖੂਹ ਪੁੱਟਣਾ ਸ਼ੁਰੂ ਕਰ ਦਿੱਤਾ ਪਰ ਪਾਣੀ ਇਥੇ ਵੀ ਨਹੀਂ ਸੀ। ਇਉਂ ਚੇਲਿਆਂ ਨੇ ਅਲੱਗ ਅਲੱਗ ਥਾਵਾਂ ਉਤੇ ਪੰਜ ਵਾਰ ਕੋਸ਼ਿਸ਼ ਕੀਤੀ ਪਰ ਅਸਫ਼ਲਤਾ ਹੀ ਹੱਥ ਲੱਗੀ।

"ਤੁਹਾਨੂੰ ਪਤਾ ਹੈ ਕਿ ਤੁਹਾਨੂੰ ਪਾਣੀ ਕਿਉਂ ਨਹੀਂ ਮਿਲਿਆ ਅਤੇ ਤੁਹਾਡੀ ਅਸਫ਼ਲਤਾ ਹੱਥ ਕਿਉਂ ਲੱਗੀ?" ਸੰਤ ਨੇ ਪੁੱਛਿਆ।

"ਰੱਬ ਦੀ ਮਰਜ਼ੀ, ਅਸੀਂ ਤਾਂ ਬਹੁਤ ਕੋਸ਼ਿਸ਼ ਕੀਤੀ।" ਚੇਲਿਆਂ ਦਾ ਜਵਾਬ ਸੀ।

"ਨਹੀਂ, ਤੁਸੀਂ ਗਲਤੀ ਕੀਤੀ, ਤੁਹਾਨੂੰ ਇਕੋ ਖੂਹ ਨੂੰ ਹੋਰ ਡੂੰਘੇ ਪੁੱਟਦੇ ਰਹਿਣਾ ਚਾਹੀਦਾ ਸੀ ਅਤੇ ਸਫ਼ਲਤਾ ਅਵੱਸ਼ ਤੁਹਾਡੇ ਹੱਥ ਲੱਗਦੀ। ਜੋ ਤੁਸੀਂ ਪੰਜ ਥਾਵਾਂ 'ਤੇ 125 ਫੁੱਟ ਡੂੰਘਾਈ ਖੁਦਾਈ ਕੀਤੀ ਹੈ, ਜੇ ਤੁਸੀਂ ਇਕੋ ਖੂਹ ਨੂੰ 125 ਫੁੱਟ ਡੂੰਘਾ ਪੁੱਟ ਲੈਂਦੇ ਤਾਂ ਪਾਣੀ ਤੁਹਾਨੂੰ ਮਿਲ ਹੀ ਜਾਣਾ ਸੀ।"

ਇਹੀ ਹੈ ਸਫ਼ਲਤਾ ਦਾ ਇਕ ਵੱਡਾ ਸੂਤਰ ਜੋ ਇਹ ਕਹਾਣੀ ਸਮਝਾ ਰਹੀ ਹੈ। ਹਮੇਸ਼ਾ ਆਪਣੇ ਨਿਸ਼ਾਨੇ 'ਤੇ ਅੱਖ ਰੱਖੋ। ਫੋਕਸ ਰੱਖੋ ਅਤੇ ਲਗਾਤਾਰ ਯਤਨ ਕਰਦੇ ਰਹੋ। ਲਗਨ ਨਾਲ ਯਤਨ ਕਰੋ। ਸਫ਼ਲਤਾ ਮਿਲਣ ਤੱਕ ਯਤਨ ਕਰੋ। ਟੀਚਾ ਪੂਰਾ ਹੋਣ ਤੱਕ ਕੋਸ਼ਿਸ਼ ਜਾਰੀ ਰੱਖੋ। ਇਧਰ ਉਧਰ ਭਟਕਣ ਦੀ ਬਜਾਏ ਆਪਣੇ ਨਿਸ਼ਾਨੇ 'ਤੇ ਨਜ਼ਰ ਰੱਖਣੀ ਚਾਹੀਦੀ ਹੈ। ਆਪਣੀ ਮੰਜ਼ਿਲ, ਆਪਣੇ ਨਿਸ਼ਾਨੇ, ਆਪਣੇ ਉਦੇਸ਼ ਨੂੰ ਪਾਉਣ ਹਿੱਤ ਆਤਮ ਵਿਸ਼ਵਾਸ, ਦ੍ਰਿੜ੍ਹ ਇਰਾਦਾ, ਤੀਬਰ ਇੱਛਾ, ਸ਼ਕਤੀ, ਸੰਕਲਪ, ਤੌਫ਼ੀਕੀ ਚੇਤਨਾ, ਪੌਰਖ, ਹਿੰਮਤ, ਅਰਜਣੀ-ਇਕਾਗਰਤਾ, ਸਾਧਨਾ, ਅਭਿਆਸ, ਲਗਨ ਅਤੇ ਮਿਹਨਤ ਦੀ ਜ਼ਰੂਰਤ ਹੁੰਦੀ ਹੈ। ਸਫ਼ਲਤਾ ਦੇ ਰਾਹੀ ਨੂੰ ਪਤਾ ਹੁੰਦਾ ਹੈ ਕਿ ਲਗਨ ਨਾਲ ਲੱਗੇ ਰਹਿਣ ਵਾਲਿਆਂ ਦੀ ਅੰਤ ਵਿਚ ਜਿੱਤ ਹੁੰਦੀ ਹੈ। ਚਰਚਿਲ ਨੇ ਸਫ਼ਲਤਾ ਦਾ ਰਹੱਸ ਦੱਸਦੇ ਹੋਏ ਕਿਹਾ ਸੀ ਕਿ 'ਕਦੇ ਵੀ ਹਾਰ ਨਾ ਮੰਨੋ।' ਜੇਤੂ ਕਦੇ ਮੈਦਾਨ ਨਹੀਂ ਛੱਡਦੇ ਅਤੇ ਮੈਦਾਨ ਛੱਡਣ ਵਾਲੇ ਕਦੇ ਜੇਤੂ ਨਹੀਂ ਹੁੰਦੇ। ਬ੍ਰਾਇਨ ਟ੍ਰੇਸੀ ਨੇ ਕੈਲਵਿਲ ਕੂਲਿਜ ਦੇ ਹਵਾਲੇ ਨਾਲ ਕਿਹਾ ਸੀ 'ਜੁਟੇ ਰਹੋ, ਦੁਨੀਆ ਵਿਚ ਕੋਈ ਵੀ ਚੀਜ਼ ਲਗਨ ਦੀ ਜਗ੍ਹਾ ਨਹੀਂ ਲੈ ਸਕਦੀ', ਯੋਗਤਾ ਵੀ ਨਹੀਂ ਲੈ ਸਕਦੀ, ਯੋਗਤਾ ਵਾਲੇ ਅਸਫ਼ਲਤਾ ਵਿਅਕਤੀਆਂ ਤੋਂ ਜ਼ਿਆਦਾ ਆਮ ਕੁਝ ਨਹੀਂ ਹੈ। ਹੁਨਰ ਨਹੀਂ ਲੈ ਸਕਦਾ, ਅਣ-ਸਨਮਾਨਿਤ ਹੁਨਰ ਵਾਲੇ ਲੋਕ ਬਹੁਤ ਮਿਲਦੇ ਹਨ। ਇਕੱਲੀ ਸਿੱਖਿਆ ਕੁਝ ਨਹੀਂ ਲੈ ਸਕਦੀ, ਦੁਨੀਆ ਸਿੱਖਿਅਤ ਅਪਰਾਧੀਆਂ ਨਾਲ ਭਰੀ ਪਈ ਹੈ। ਲਗਨ ਅਤੇ ਸੰਕਲਪ ਹੀ ਸਰਬ ਸ਼ਕਤੀਸ਼ਾਲੀ ਹਨ।"

ਮਿੱਕੀ ਮਾਊਸ ਅਤੇ ਡੋਨਾਲਡ ਡੱਕ ਦੇ ਰਚੇਤਾ ਅਤੇ ਡਿਜ਼ਨੀਲੈਂਡ ਦੇ ਸੰਸਥਾਪਕ ਵਾਲਟ ਡਿਜ਼ਨੀ ਦੀ ਕਹਾਣੀ ਚੀਨ ਦੇ ਪ੍ਰਸਿੱਧ ਵਿਚਾਰਕ ਕਨਫਿਊਸ਼ੀਅਸ ਦੇ ਇਨ੍ਹਾਂ ਬੋਲਾਂ ਨੂੰ ਦਰਸਾਉਂਦੀ ਹੈ ਕਿ ਮਨੁੱਖ ਦਾ ਮਹਾਨ ਗੌਰਵ ਕਦੇ ਵੀ ਡਿੱਗਣ ਵਿਚ ਨਹੀਂ ਹੈ ਸਗੋਂ ਹਰ ਵਾਰ ਉਠ ਖੜ੍ਹਨ ਵਿਚ ਹੈ। ਵਾਲਟ ਡਿਜ਼ਨੀ ਦੀ ਲਗਨ ਅਤੇ ਕਦੇ ਵੀ ਹਾਰ ਨਾ ਮੰਨਣ ਵਾਲੀ ਸੋਚ ਨੇ ਉਸ ਨੂੰ ਸਫ਼ਲ ਬਣਾਇਆ। 26 ਵਰ੍ਹਿਆਂ ਦੀ ਉਮਰ ਵਿਚ ਉਸਨੇ ਆਪਣਾ ਪਹਿਲਾ ਸਫ਼ਲ ਕਾਰਟੂਨ 'ਔਸਵਾਲਡ ਦੀ ਰੈਬਿਟ' ਤਿਆਰ ਕੀਤਾ ਪਰ ਵਾਲਟ ਡਿਜ਼ਨੀ ਦੀ ਬਦਕਿਸਮਤੀ ਦੇਖੋ ਕਿ ਡਿਸਟ੍ਰੀਬਿਊਟਰ ਨੇ ਉਸ ਨੂੰ ਚੋਰੀ ਕਰ ਲਿਆ। ਅਗਲੇ ਵਰ੍ਹੇ 27 ਵਰ੍ਹਿਆਂ ਦੀ ਉਮਰ ਵਿਚ ਉਸਨੇ 'ਮਿਕੀ ਮਾਊਸ' ਬਣਾਇਆ ਪਰ ਖਰਚੇ ਕਾਰਨ ਆਰਥਿਕ ਤੌਰ 'ਤੇ ਐਨਾ ਟੁੱਟਿਆ ਕਿ ਉਸਦੀ ਕਾਰ ਤੱਕ ਵਿੱਕ ਗਈ। ਦੋ ਵਰ੍ਹੇ ਬਾਅਦ ਜਦੋਂ ਡਿਜ਼ਨੀ ਅਜੇ 29 ਸਾਲ ਦਾ ਹੀ ਹੋਇਆ ਸੀ, ਇਕ ਹੋਰ ਡਿਸਟ੍ਰੀਬਿਊਟਰ ਨੇ ਉਸਦੇ ਡੇਢ ਲੱਖ ਡਾਲਰ ਠਗ ਲਏ। ਅਗਲੇ 2 ਸਾਲਾਂ ਵਿਚ ਫਿਲਮਾਂ ਰੰਗੀਨ ਆਉਣ ਲੱਗੀਆਂ ਸਨ ਅਤੇ ਰੰਗੀਨ ਫ਼ਿਲਮਾਂ ਦੀ ਲਾਗਤ ਕਾਰਨ ਉਸਦੀ ਕੰਪਨੀ ਦਾ ਦੀਵਾਲੀ ਨਿਕਲ ਗਿਆ। ਦੂਜੇ ਵਿਸ਼ਵ ਯੁੱਧ ਦੌਰਾਨ ਉਸਦਾ ਸਟੂਡੀਓ ਵੀ ਉਸਦੇ ਹੱਥੋਂ ਜਾਂਦਾ ਰਿਹਾ।

ਜ਼ਿੰਦਗੀ ਵਿਚ ਮਿਲ ਰਹੀਆਂ ਹਾਰਾਂ ਉਸਦਾ ਹੌਸਲਾ ਨਹੀਂ ਤੋੜ ਸਕੀਆਂ। ਅਜੇ ਵੀ ਉਸਦੇ ਮਨ ਵਿਚ ਕੁਝ ਨਿਆਰਾ ਅਤੇ ਵੱਡਾ ਕੰਮ ਕਰਨ ਦੀ ਇੱਛਾ ਅਤੇ ਇਰਾਦਾ ਸੀ। ਉਸਨੇ ਕੈਲੀਫੋਰਨੀਆ ਵਿਚ ਡਿਜ਼ਨੀਲੈਂਡ ਬਣਾਉਣ ਦਾ ਫੈਸਲਾ ਕੀਤਾ। ਉਸਦੀ ਕੰਪਨੀ ਅਤੇ ਉਸਦੇ ਪਰਿਵਾਰ ਨੇ ਉਸਦੇ ਫੈਸਲੇ ਦਾ ਸਖ਼ਤ ਵਿਰੋਧ ਕੀਤਾ। ਉਸਦੇ ਭਰਾ ਨੇ ਉਸ ਨੂੰ ਪਾਗਲ ਹੀ ਕਰਾਰ ਦੇ ਦਿੱਤਾ ਸੀ। ਸਭ ਪਾਸਿਓਂ ਵਿਰੋਧ ਦੀ ਪਰਵਾਹ ਕੀਤੇ ਬਿਨਾਂ ਉਸਨੇ ਡਿਜ਼ਨੀਲੈਂਡ ਬਣਾਉਣ ਲਈ ਆਪਣਾ ਘਰ ਵੇਚ ਦਿੱਤਾ। ਆਪਣੀ ਬੀਤਾ ਪਾਲਿਸੀ ਵੇਚ ਦਿੱਤੀ। ਉਸਨੇ ਪੂਰੀ ਲਗਨ ਅਤੇ ਮਿਹਨਤ ਨਾਲ ਆਪਣਾ ਉਦੇਸ਼ ਪੂਰਾ ਕਰਨ ਹਿੱਤ ਦਿਨ ਰਾਤ ਇਕ ਕਰ ਦਿੱਤਾ ਅਤੇ ਆਖਿਰ ਉਹ ਸਫ਼ਲ ਹੋਇਆ। ਵਾਲਟ ਡਿਜ਼ਨੀ ਦੀ ਜੀਵਨ ਕਹਾਣੀ ਕਹਿੰਦੀ ਹੈ ਕਿ ਸਫ਼ਲਤਾ ਉਹਨਾਂ ਨੂੰ ਹੀ ਮਿਲਦੀ ਹੈ ਜੋ ਜਿੱਤਣ ਤੱਕ ਮੈਦਾਨ ਵਿਚ ਡਟੇ ਰਹਿੰਦੇ ਹਨ। ਹਾਰ ਨਾ ਮੰਨਣ ਦੀ ਜ਼ਿੱਦ, ਜਿੱਤ ਲਈ ਤੀਬਰ ਇੱਛਾ ਸ਼ਕਤੀ ਅਤੇ ਅਟਲ ਲੱਗਣ ਦੀ ਆਦਤ, ਸਫ਼ਲਤਾ ਦਾ ਪਰਚਮ ਗੱਡਣ ਵਿਚ ਸਹਾਈ ਹੁੰਦੀ ਹੈ।

"ਪੂਲਿੰਗ ਟੂਰ ਦਾ ਫਰੰਟ" ਸਮੇਤ 50 ਪੁਸਤਕਾਂ ਦੇ ਅਮਰੀਕਨ ਲੇਖਕ ਡਾ. ਉਡੀਸ਼ਨ ਸਵੇਟ ਮਾਰਡਨ ਦੀ ਜ਼ਿੰਦਗੀ ਦੀ ਕਹਾਣੀ ਵੀ ਅਜਿਹੇ ਸਫ਼ਲ ਮਨੁੱਖ ਦੀ ਕਹਾਣੀ ਹੈ ਜੋ ਦ੍ਰਿੜ੍ਹ ਨਿਸ਼ਚੇ, ਆਤਮ ਵਿਸ਼ਵਾਸ, ਜਿੱਤਣ ਦੀ ਤੀਬਰ ਇੱਛਾ, ਲਗਨ, ਮਿਹਨਤ ਅਤੇ ਅੰਤਲੇ ਸਾਹ ਤੱਕ ਲੜਨ ਦੇ ਹੌਸਲੇ ਦੀ ਗਾਥਾ ਹੈ। 1850 ਵਿਚ ਪੈਦਾ ਹੋਏ ਸਵੈਟ ਮਾਰਡਨ ਨੇ ਅਮਰੀਕਾ ਦੀ ਭਿਆਨਕ ਮੰਦੀ ਦੇ ਦਿਨਾਂ ਵਿਚ ਆਪਣਾ ਹੋਟਲ ਗਵਾ ਲਿਆ ਅਤੇ ਉਹ ਪੂਰੀ ਤਰ੍ਹਾਂ ਸੜਕ 'ਤੇ ਆ ਗਿਆ।

ਅਜਿਹੇ ਔਖੇ ਸਮੇਂ ਉਸਨੇ ਨਾ ਸਿਰਫ਼ ਆਪਣੇ ਆਪ ਨੂੰ ਸਾਬਤ ਕਦਮ ਅਤੇ ਸਹਿਜ ਰੱਖਿਆ ਸਗੋਂ ਸਮੁੱਚੇ ਅਮਰੀਕਾ ਨੂੰ ਪ੍ਰੇਰਿਤ ਕਰਨ ਲਈ ਪ੍ਰੇਰਨਾਤਮਕ ਲਿਖਤਾਂ ਲਿਖਣ ਦਾ ਬੀੜਾ ਚੁੱਕਿਆ। ਉਸ ਨੇ ਦਿਨ ਰਾਤ ਮਿਹਨਤ ਕਰਕੇ ਇਕ ਪੁਸਤਕ ਲਿਖੀ।

ਇਸ ਪੁਸਤਕ ਨੂੰ ਲਿਖ ਕੇ ਉਹ ਪੂਰੀ ਤਰ੍ਹਾਂ ਸੰਤੁਸ਼ਟ ਸੀ ਪਰ ਇਕ ਅਜਿਹਾ ਭਾਣਾ ਵਾਪਰਿਆ ਕਿ ਜਿਸ ਮਕਾਨ ਵਿਚ ਉਹ ਰਹਿੰਦਾ ਸੀ, ਉਹ ਅੱਗ ਦੀ ਲਪੇਟ ਵਿਚ ਆ ਗਿਆ ਤੇ ਪੁਸਤਕ ਦਾ ਖਰੜਾ ਸੜ ਕੇ ਸੁਆਹ ਹੋ ਗਿਆ। ਅਜਿਹੇ ਮੌਕੇ ਆਮ ਆਦਮੀ ਦੇ ਮਨੋਬਲ ਨੂੰ ਤੋੜ ਕੇ ਰੱਖ ਦਿੰਦੇ ਹਨ ਪਰ ਇਹ ਤਾਂ ਉਡੀਸ਼ਨ ਸਵੈਟ ਮਾਰਡਨ ਸੀ। ਮਾਰਡਨ ਨੇ ਮੁੜ ਪੁਸਤਕ 'ਤੇ ਕੰਮ ਆਰੰਭ ਕੀਤਾ ਅਤੇ ਇਕ ਸਾਲ ਬਾਅਦ 'ਪੁਸ਼ਇੰਗ ਟੂ ਦੀ ਫਰੰਟ' ਹੋਂਦ ਵਿਚ ਆਈ। ਅਨੇਕਾਂ ਔਕੜਾਂ ਤੋਂ ਬਾਅਦ ਜਦੋਂ ਇਸ ਪੁਸਤਕ ਦੀ ਪ੍ਰਕਾਸ਼ਨਾ ਹੋਈ ਤਾਂ ਸਾਲ ਵਿਚ ਇਹ ਦੁਨੀਆ ਦੀ ਸਭ ਤੋਂ ਵੱਧ ਵਿਕਣ ਵਾਲੀ ਕਿਤਾਬ ਬਣ ਗਈ। ਇਸ ਤੋਂ ਬਾਅਦ ਸਵੇਟ ਮਾਰਡਨ ਤਕਰੀਬਨ 50 ਪੁਸਤਕਾਂ ਲਿਖ ਚੁੱਕਿਆ ਸੀ, ਜੋ ਦੁਨੀਆ ਲਈ ਪ੍ਰੇਰਨਾ ਸਰੋਤ ਬਣੀਆਂ।

ਸਫ਼ਲਤਾ ਬਾਰੇ ਲਿਖਦਾ ਹੋਇਆ ਸਵੇਟ ਮਾਰਡਨ ਦੱਸਦਾ ਹੈ ਕਿ ਸਫ਼ਲਤਾ ਲਈ ਦੋ ਸ਼ਰਤਾਂ ਹਨ:

1. ਸਫ਼ਲਤਾ ਤੱਕ ਪਹੁੰਚਣ ਦਾ ਸੰਕਲਪ, 2. ਲਗਾਤਾਰ ਨਾਲ ਜੁਟੇ ਰਹਿਣ ਦੀ ਆਦਤ। ਮਾਰਡਨ ਅਨੁਸਾਰ "ਉਸ ਵਿਅਕਤੀ ਲਈ ਕੋਈ ਅਸਫ਼ਲਤਾ ਨਹੀਂ ਹੈ, ਜਿਸ ਨੂੰ ਆਪਣੀ ਤਾਕਤ ਦਾ ਪਤਾ ਹੈ, ਜਿਸ ਨੂੰ ਹਾਰਨਾ ਨਹੀਂ ਆਉਂਦਾ। ਸੰਕਲਪਵਾਨ ਕੋਸ਼ਿਸ਼, ਦ੍ਰਿੜ੍ਹ ਇੱਛਾ ਸ਼ਕਤੀ ਦੀ ਕੋਈ ਅਸਫ਼ਲਤਾ ਨਹੀਂ ਹੈ। ਉਸ ਬੰਦੇ ਲਈ ਕੋਈ ਹਾਰ ਨਹੀਂ ਹੈ, ਜੋ ਹਰ ਵਾਰ ਡਿੱਗਣ ਤੋਂ ਬਾਅਦ ਵੀ ਉਠ ਖੜ੍ਹਦਾ ਹੈ, ਜੋ ਰਬੜ ਦੀ ਗੇਂਦ ਵਾਂਗ ਡਿੱਗ ਕੇ ਉਛਲਦਾ ਹੈ, ਉਹ ਉਸ ਵਕਤ ਵੀ ਲਗਨ ਨਾਲ ਜੁਟਿਆ ਰਹਿੰਦਾ ਹੈ, ਜਦੋਂ ਬਾਕੀ ਸਾਰੇ ਲੋਕ ਹਾਰ ਸਵੀਕਾਰ ਕਰ ਲੈਂਦੇ ਹਨ, ਉਹ ਉਦੋਂ ਵੀ ਜੁਟਿਆ ਰਹਿੰਦਾ ਹੈ, ਜਦੋਂ ਬਾਕੀ ਸਾਰੇ ਲੋਕ ਆਪਣੀ ਪਿੱਠ ਮੋੜ ਲੈਂਦੇ ਹਨ।" ਸਫ਼ਲਤਾ ਦੇ ਰਾਹੀ ਜਾਣਦੇ ਹੁੰਦੇ ਹਨ ਕਿ ਜਿੱਤ ਪ੍ਰਾਪਤ ਕਰਨ ਲਈ ਦ੍ਰਿੜ੍ਹ ਨਿਸ਼ਚਾ ਅਤੇ ਲਗਨ ਅਜਿਹੇ ਸੂਤਰ ਹਨ, ਜਿਨ੍ਹਾਂ ਰਾਹੀਂ ਬੁਰੀ ਤਰ੍ਹਾਂ ਹਾਰੇ, ਅਸਫ਼ਲ ਅਤੇ ਥੱਕੇ ਹੋਏ ਸ਼ਖਸ ਵੀ ਜਿੱਤ ਦਾ ਰਸਤਾ ਕੱਢ ਹੀ ਲੈਂਦੇ ਹਨ। ਦੁਨੀਆ ਦੇ ਸਫ਼ਲ ਲੋਕਾਂ ਦੀ ਸਫ਼ਲਤਾ ਦਾ ਰਹੱਸ ਇਹੀ ਰਿਹਾ ਹੈ ਕਿ ਉਨ੍ਹਾਂ ਨੇ ਮਾੜੇ ਤੋਂ ਮਾੜੇ ਹਾਲਾਤ ਵਿਚ ਵੀ ਹਾਰ ਸਵੀਕਾਰ ਨਹੀਂ ਕੀਤੀ। ਉਹ ਕਦੇ ਨਿਰਾਸ਼ ਨਹੀਂ ਹੋਏ ਅਤੇ ਉਨ੍ਹਾਂ ਕਦੇ ਜਿੱਤ ਦੀ ਕਾਮਨਾ ਨਹੀਂ ਛੱਡੀ।

ਸਫ਼ਲਤਾ ਸਿਰਫ਼ ਚਾਹੁਣ ਨਾਲ ਨਹੀਂ ਆਉਂਦੀ। ਸਫ਼ਲਤਾ ਦੀ ਕੀਮਤ ਦੇਣੀ ਪੈਂਦੀ ਹੈ। ਸਫ਼ਲਤਾ ਦੀ ਕੀਮਤ ਹੈ ਸਖ਼ਤ ਮਿਹਨਤ, ਲਗਾਤਾਰ ਮਿਹਨਤ ਅਤੇ ਜਿੱਤ ਦੀ ਕਾਮਨਾ ਨਾਲ ਮਿਹਨਤ। ਯਾਦ ਰੱਖੋ ਸਫ਼ਲਤਾ ਅਤੇ ਆਰਾਮ ਕਦੇ ਇਕੱਠੇ ਨਹੀਂ ਸੌਂਦੇ। ਸਫ਼ਲ ਅਤੇ ਅਸਫ਼ਲ ਬੰਦਿਆਂ ਵਿਚ ਤਾਕਤ ਅਤੇ ਗਿਆਨ ਦਾ ਫਰਕ ਨਹੀਂ ਹੁੰਦਾ ਬਲਕਿ ਇੱਛਾ ਸ਼ਕਤੀ ਦਾ ਫਰਕ ਹੁੰਦਾ ਹੈ। ਹਾਰ ਨਾ ਮੰਨਣ ਦੀ ਬਿਰਤੀ ਦਾ ਫਰਕ ਹੁੰਦਾ ਹੈ। ਇਕ ਹੋਰ ਗੱਲ ਵੀ ਸਮਝਣੀ ਜ਼ਰੂਰੀ ਹੈ ਕਿ ਸਫ਼ਲਤਾ ਦੀ ਮੰਜ਼ਿਲ ਦਾ ਰਾਹ ਹਮੇਸ਼ਾ ਅਸਫ਼ਲਤਾ ਦੀ ਪਗਡੰਡੀ ਦੀ ਉਤੋਂ ਹੋ ਕੇ ਜਾਂਦਾ ਹੈ। ਆਮ ਤੌਰ 'ਤੇ ਸਫ਼ਲਤਾ ਅਤੇ ਅਸਫ਼ਲਤਾ ਹਮਸਫਰ ਹਨ ਪਰ ਜਦੋਂ ਸਫ਼ਲਤਾ ਦੇ ਰਾਹੀ ਦਮ ਨਹੀਂ ਲੈਂਦੇ ਤਾਂ ਮੰਜ਼ਿਲ ਮਿਲ ਹੀ ਜਾਂਦੀ ਹੈ। ਜਦੋਂ ਅਸੀਂ ਕਿਸੇ ਸਫ਼ਲ ਵਿਅਕਤੀ ਨੂੰ ਦੇਖਦੇ ਹਾਂ ਤਾਂ ਸਿਰਫ਼ ਉਸਦੀ ਸਫ਼ਲਤਾ ਨੂੰ ਵੇਖਦੇ ਹਾਂ। ਇਸ ਸਫ਼ਲਤਾ ਦੀ ਟੀਸੀ 'ਤੇ ਪਹੁੰਚਣ ਲਈ ਉਸਨੇ ਕਿੰਨੀ ਵਾਰ ਸੱਟਾਂ ਖਾਧੀਆਂ ਹਨ, ਗੋਡੇ ਭੰਨਾਏ ਹਨ, ਦੰਦ ਤੁੜਵਾਏ ਹਨ। ਇਹ ਕੋਈ ਨਹੀਂ ਜਾਣਦਾ। ਅਸਫ਼ਲਤਾ ਦਾ ਸਾਹਮਣਾ ਕਰੇ ਬਿਨਾਂ ਸ਼ਾਇਦ ਹੀ ਕੋਈ ਸਫ਼ਲ ਹੋਇਆ ਹੋਵੇ। ਅਮਰੀਕਾ ਦੇ ਰਾਸ਼ਟਰਪਤੀ ਅਬ੍ਰਾਹਿਮ ਲਿੰਕਨ 52 ਸਾਲ ਦੀ ਉਮਰ ਵਿਚ ਰਾਸ਼ਟਰਪਤੀ ਬਣਿਆ। ਇਸ ਬਾਰੇ ਤਾਂ ਸਭ ਜਾਣਦੇ ਹਨ ਪਰ ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਰਾਸ਼ਟਰਪਤੀ ਬਣਨ ਤੋਂ ਪਹਿਲਾਂ ਉਹ 6 ਵਾਰ ਚੋਣਾਂ ਹਾਰੇ ਸਨ ਪਰ ਅੰਤ ਵਿਚ ਜਿੱਤ ਉਨ੍ਹਾਂ ਦੀ ਹੋਈ, ਕਿਉਂਕਿ ਉਹ ਜਿੱਤਣਾ ਚਾਹੁੰਦੇ ਸਨ। ਹਾਰ ਉਨ੍ਹਾਂ ਨੂੰ ਸਵੀਕਾਰ ਨਹੀਂ ਸੀ। ਵਾਰ-ਵਾਰ ਡਿੱਗ ਕੇ ਉਠਣਾ ਉਨ੍ਹਾਂ ਦੀ ਆਦਤ ਵਿਚ ਸ਼ਾਮਲ ਸੀ। ਕੁਝ ਇਸ ਤਰਹਿ ਤਹਿ ਕੀ ਹਮਨੇ ਮੰਜ਼ਿਲੇਂ,

ਗਿਰ ਗਏ, ਗਿਰ ਕਰ ਉਠੇ, ਉਠ ਕਰ ਚਲ ਦੀਏ।


ਅਮਰੀਕਾ ਦੇ ਇਕ ਹੋਰ ਰਾਸ਼ਟਰਪਤੀ ਰੋਨਾਲਡ ਰੀਗਨ ਕਿਸੇ ਸਮੇਂ ਫ਼ਿਲਮਾਂ ਵਿਚ ਕੰਮ ਕਰਦੇ ਸਨ। ਜਦੋਂ ਉਨ੍ਹਾਂ ਸਿਆਸਤ ਵਿਚ ਪੈਰ ਧਰਿਆ ਤਾਂ ਲੋਕਾਂ ਨੇ ਹਾਸਾ ਉਡਾਇਆ ਪਰ ਉਹ ਡਟੇ ਰਹੇ ਅਤੇ ਗਵਰਨਰ ਬਣੇ। ਇਕ ਨਹੀਂ ਦੋ ਵਾਰ ਗਵਰਨਰ ਚੁਣੇ ਗਏ। ਫਿਰ ਉਨ੍ਹਾਂ ਰਾਸ਼ਟਰਪਤੀ ਦੀ ਚੋਣ ਲੜਨ ਦਾ ਫੈਸਲਾ ਕੀਤਾ ਪਰ ਪਾਰਟੀ ਨੇ ਉਨ੍ਹਾਂ ਨੂੰ ਉਮੀਦਵਾਰ ਨਹੀਂ ਬਣਾਇਆ। ਚਾਰ ਸਾਲ ਬਾਅਦ ਫਿਰ ਕੋਸ਼ਿਸ਼ ਕੀਤੀ ਫਿਰ ਨਾਕਾਮ ਹੋਏ। ਪਰ ਉਨ੍ਹਾਂ ਆਪਣਾ ਯਤਨ ਜਾਰੀ ਰੱਖਿਆ ਅਤੇ ਅੰਤ ਵਿਚ ਸਫ਼ਲ ਹੋਏ ਅਤੇ ਅਮਰੀਕਾ ਦੇ ਰਾਸ਼ਟਰਪਤੀ ਬਣੇ। ਰੀਗਨ ਨੂੰ ਸਫ਼ਲਤਾ ਕਿਉਂ ਮਿਲੀ, ਕਿਉਂਕਿ ਉਸਨੂੰ ਪਤਾ ਸੀ ਕਿ ਜਦ ਤੱਕ ਤੁਸੀਂ ਜੁਟੇ ਰਹਿੰਦੇ ਹੋ, ਤਦ ਤੱਕ ਸੰਘਰਸ਼ ਖਤਮ ਨਹੀਂ ਹੁੰਦਾ। ਅਲਬਰਟ ਹਵਾਰਡ ਨੇ ਲਿਖਿਆ ਏ "ਕੋਸ਼ਿਸ਼ ਛੱਡਣ ਤੋਂ ਸਿਵਾ ਹੋਰ ਕੋਈ ਅਸਫ਼ਲਤਾ ਨਹੀਂ, ਜਿਸਨੂੰ ਪਾਰ ਨਾ ਕੀਤਾ ਜਾ ਸਕੇ। ਸਿਰਫ਼ ਟੀਚਿਆਂ ਦੀ ਅੰਦਰਲੀ ਕਮਜ਼ੋਰੀ ਨੂੰ ਛੱਡ ਕੇ" ਅਸਲ ਵਿਚ ਸਫ਼ਲ ਲੋਕ ਆਪਣੇ ਨਿਰੰਤਰ ਵਿਸ਼ਵਾਸ ਨਾਲ ਜਿੱਤਦੇ ਹਨ, ਉਹ ਅਸਫ਼ਲਤਾਵਾਂ ਦਾ ਮੁਕਾਬਲਾ ਵੀ ਉਸੇ ਵਿਸ਼ਵਾਸ ਨਾਲ ਕਰਦੇ ਹਨ। ਉਹ ਰੁਕਦੇ ਨਹੀਂ, ਲੱਗੇ ਰਹਿੰਦੇ ਹਨ, ਜਿੱਤ ਦੇ ਵਿਸ਼ਵਾਸ ਨਾਲ ਜੁਟੇ ਰਹਿੰਦੇ ਹਨ। ਥਾਮਸ ਐਡੀਸਨ ਦਾ ਵਿਸ਼ਵਾਸ ਹੀ ਸੀ ਕਿ ਉਹ ਇਕ ਹਜ਼ਾਰ ਵਾਰ ਅਸਫ਼ਲ ਰਹਿਣ ਤੋਂ ਬਾਅਦ ਸਫ਼ਲ ਹੋਇਆ ਅਤੇ ਬਲਬ ਦੀ ਖੋਜ ਕੀਤੀ। ਇਸੇ ਲਗਨ ਅਤੇ ਜਿੱਤ ਦੇ ਵਿਸ਼ਵਾਸ ਨੇ ਬੈਸਾਖੀਆਂ 'ਤੇ ਚੱਲਣ ਵਾਲੇ ਫ੍ਰੈਡ ਸਮਿਥ ਨੂੰ ਸਫ਼ਲ ਮਨੁੱਖਾਂ ਦੀ ਸੂਚੀ ਵਿਚ ਲਿਆ ਖੜ੍ਹਾ ਕੀਤਾ, ਜਿਸ ਨੇ ਅਨੇਕਾਂ ਮੁਸ਼ਕਿਲਾਂ ਨੂੰ ਪਾਰ ਕਰਕੇ ਪਾਰਸਲਾਂ ਨੂੰ ਇਕ ਥਾਂ ਤੋਂ ਦੂਜੀ ਥਾਂ ਪਹੁੰਚਾਉਣ ਵਾਲੀ ਪਹਿਲੀ ਕੰਪਨੀ ਫੈਡਰਲ ਐਕਸਪ੍ਰੈਸ ਬਣਾਈ ਸੀ। ਨੋਬਲ ਐਵਾਰਡ ਜੇਤੂ ਦੱਖਣੀ ਅਫਰੀਕਾ ਦੇ ਕਾਲੇ ਰਾਸ਼ਟਰਪਤੀ ਨੈਲਸਨ ਮੰਡੇਲਾ ਨੇ 27 ਸਾਲ ਜੇਲ੍ਹ ਵਿਚ ਕੱਟੇ ਅਤੇ ਆਖਿਰ ਜਿੱਤ ਪ੍ਰਾਪਤ ਕੀਤੀ ਸੀ। ਇਨ੍ਹਾਂ ਸਾਰੇ ਸਫ਼ਲ ਮਨੁੱਖਾਂ ਨੇ ਇਕ ਗੱਲ ਸਿੱਖੀ ਹੋਈ ਸੀ ਕਿ ਉਚੇ ਅਤੇ ਵੱਡੇ ਉਦੇਸ਼ਾਂ ਨੂੰ ਹਾਸਲ ਕਰਨ ਲਈ ਲਗਨ ਅਤੇ ਮਿਹਨਤ ਦਾ ਗੁਣ ਬਹੁਤ ਮਹੱਤਵਪੂਰਨ ਹੈ।

ਸਫ਼ਲ ਲੋਕ ਜਿੱਤ ਦੇ ਵਿਸ਼ਵਾਸ ਨਾਲ ਸੰਘਰਸ਼ ਕਰਦੇ ਹਨ। ਉਹ ਸੰਘਰਸ਼ ਕਰਦੇ ਹਨ, ਮੰਜ਼ਿਲ ਵੱਲ ਵੱਧਦੇ ਰਹਿੰਦੇ ਹਨ, ਡਿੱਗ ਵੀ ਪੈਂਦੇ ਹਨ ਪਰ ਹੋਰ ਹੌਸਲੇ ਨਾਲ ਉਠ ਕੇ ਫਿਰ ਤੁਰ ਪੈਂਦੇ ਹਨ। ਉਹ ਮੈਦਾਨ ਛੱਡਣ ਤੋਂ ਨਾਂਹ ਕਰ ਦਿੰਦੇ ਹਨ। ਉਹ ਹਰ ਹਾਲਾਤ ਵਿਚ ਜਿੱਤਣਾ ਚਾਹੁੰਦੇ ਹਨ। ਜੇ ਸ਼ੋਹਰਤ ਚਾਹੁੰਦੇ ਹੋ, ਦੌਲਤ ਚਾਹੁੰਦੇ ਹੋ, ਸੱਤਾ ਚਾਹੁੰਦੇ ਹੋ ਤਾਂ ਕਿਸੇ ਵੀ ਖੇਤਰ ਵਿਚ ਸਫ਼ਲ ਮਨੁੱਖ ਬਣਨਾ ਚਾਹੁੰਦੇ ਹੋ ਤਾਂ ਇਕੋ ਇਕ ਗੁੰਟੀ ਹੈ ਸਫ਼ਲਤਾ ਦੀ। ਉਹ ਹੈ ਇੱਛਾ ਸ਼ਕਤੀ, ਮਿਹਨਤ, ਲਗਨ ਅਤੇ ਜਿੱਤ ਦੇ ਵਿਸ਼ਵਾਸ ਨਾਲ ਕੰਮ ਵਿਚ ਜੁਟੇ ਰਹਿਣ ਦੀ ਭਾਵਨਾ। ਇਸੇ ਭਾਵਨਾ ਨੂੰ ਪੰਜਾਬੀ ਕਵੀ ਭਾਈ ਵੀਰ ਸਿੰਘ ਇਉਂ ਪ੍ਰਗਟਾਉਂਦੇ ਹਨ:

ਸੀਨੇ ਖਿੱਚ ਜਿਨ੍ਹਾਂ ਨੇ ਖਾਧੀ,
ਉਹ ਕਰ ਆਰਾਮ ਨਹੀਂ ਬਹਿੰਦੇ।
ਨਿਹੁੰ ਵਾਲੇ ਨੈਣਾਂ ਕੀ ਨੀਂਦਰ,
ਉਹ ਤਾਂ ਦਿਨ ਰਾਤ ਪਏ ਵਹਿੰਦੇ।

ਜੇ ਸਫ਼ਲਤਾ ਚਾਹੁੰਦੇ ਹੋ ਤਾਂ ਛੱਡੋ ਆਰਾਮ। ਇੱਧਰ ਉਧਰ ਭਟਕਣ ਦੀ ਬਜਾਏ ਨਿਸ਼ਾਨੇ 'ਤੇ ਨਿਗਾਹ ਰੱਖਣੀ ਚਾਹੀਦੀ ਹੈ। ਆਪਣੀ ਮੰਜ਼ਿਲ, ਆਪਣੇ ਨਿਸ਼ਾਨੇ, ਆਪਣੇ ਉਦੇਸ਼ ਨੂੰ ਪਾਉਣ ਹਿੱਤ ਆਤਮ ਵਿਸ਼ਵਾਸ, ਦ੍ਰਿੜ੍ਹ ਇਰਾਦਾ, ਤੀਬਰ ਇੱਛਾ ਸ਼ਕਤੀ, ਸੰਕਲਪ, ਤੌਫ਼ੀਕੀ ਚੇਤਨਾ, ਪੌਰਖ, ਹਿੰਮਤ, ਅਰਜਣੀ-ਇਕਾਗਰਤਾ, ਸਾਧਨਾ, ਅਭਿਆਸ, ਲਗਨ ਅਤੇ ਮਿਹਨਤ ਦੀ ਜ਼ਰੂਰਤ ਹੁੰਦੀ ਹੈ। ਸਫ਼ਲਤਾ ਦੇ ਰਾਹੀ ਨੂੰ ਪਤਾ ਹੁੰਦਾ ਹੈ ਕਿ ਲਗਨ ਨਾਲ ਲੱਗੇ ਰਹਿਣ ਵਾਲਿਆਂ ਦੀ ਅੰਤ ਵਿਚ ਜਿੱਤ ਹੁੰਦੀ ਹੈ। ਸਫ਼ਲਤਾ ਸਿਰਫ਼ ਚਾਹੁਣ ਨਾਲ ਨਹੀਂ ਆਉਂਦੀ। ਸਫ਼ਲਤਾ ਦੀ ਕੀਮਤ ਦੇਣੀ ਪੈਂਦੀ ਹੈ। ਸਫ਼ਲਤਾ ਦੀ ਕੀਮਤ ਹੈ ਸਖ਼ਤ ਮਿਹਨਤ, ਲਗਾਤਾਰ ਮਿਹਨਤ ਅਤੇ ਜਿੱਤ ਦੀ ਕਾਮਨਾ ਨਾਲ ਮਿਹਨਤ। ਯਾਦ ਰੱਖੋ ਸਫ਼ਲਤਾ ਅਤੇ ਆਰਾਮ ਕਦੇ ਇਕੱਠੇ ਨਹੀਂ ਸੌਂਦੇ।

# ਆਜ਼ਾਦੀ ਤੋਂ ਹੁਣ ਤੱਕ ਦਾ ਸਫ਼ਰ ਤੇ ਸਾਡੀ ਹੋਣੀ



ਰਾਜਵਿੰਦਰ ਰੌਂਤਾ
9876486187

ਦੇਸ਼ ਦੇ ਸ਼ਹੀਦਾਂ ਨੇ ਭਾਰਤ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਪਾਣੀ ਵਾਂਗੂ ਖੂਨ ਡੋਲ ਕੇ ਆਜ਼ਾਦ ਕਰਵਾਇਆ ਸੀ। 1947 ਦੀ ਆਜ਼ਾਦੀ ਤੋਂ ਬਾਅਦ ਅੰਗਰੇਜ਼ ਤਾਂ ਦੇਸ਼ ਛੱਡ ਗਏ ਪਰ ਜਾਣ ਲੱਗੇ ਸੇਹ ਦਾ ਤਕਲਾ ਗੱਡ ਗਏ। ਧਰਮ ਦੀ ਵਿਹੁ ਦਾ ਅਜਿਹਾ ਛਿੱਟਾ ਦੇ ਕੇ ਗਏ ਕਿ ਅਜਿਹੀ ਫਿਰਕੂ ਹਨੇਰੀ ਵਗੀ ਉਸ ਨਾਲ ਸਕਿਆਂ ਵਾਂਗੂ ਵਰਤਣ ਵਾਲੇ ਲੋਕ ਇਕ ਦੂਜੇ ਦੀ ਜਾਨ ਦੇ ਦੁਸ਼ਮਣ ਬਣ ਗਏ ਅਤੇ ਆਪਣੇ ਵਸਦੇ ਰਸਦੇ ਘਰ ਛੱਡ ਕੇ ਅਣ ਦੱਸੀ ਥਾਂ ਵੱਲ ਤੁਰ ਪਏ। ਜਿਹੜੇ ਬੰਦੇ ਲੋਕ ਮੁਰੱਬਿਆਂ ਦੇ ਮਾਲਕ ਸਨ, ਵੱਡੇ ਵੱਡੇ ਕਾਰੋਬਾਰੀ ਸਨ ਰਾਜਿਆਂ ਵਰਗੀ ਜ਼ਿੰਦਗੀ ਜੀਅ ਰਹੇ ਸਨ ਉਹ ਕੱਖੋਂ ਹੌਲੇ ਹੋ ਕੇ ਲਹਿੰਦੇ ਤੇ ਚੜ੍ਹਦੇ ਪੰਜਾਬ ਤੇ ਦਿੱਲੀ ਮੁੰਬਈ ਵੱਲ ਹੋ ਤੁਰੇ। ਖੂਨੀ ਹਾਦਸਾ ਦਾ ਸਫਰ ਖੌਫ ਹੀ ਖੌਫ ਜ਼ਿੰਦਗੀ ਨਾਲੋਂ ਇਜ਼ਤ ਦਾ ਜਿਆਦਾ ਸੀ। ਆਪਣਾ ਸਿਰ ਲਕੋਣ ਜੋਗੀ ਪੈਰ ਰੱਖਣ ਜੋਗੀ ਜਗ੍ਹਾ ਲੱਭ ਕੇ ਲੱਖਾਂ ਤੋਂ ਕੱਖਾਂ ਦੇ ਹੋ ਕੇ, ਘਰ ਬਾਰ ਲੁਟਾ ਕੇ ਜਿਹੜਾ ਕੁਝ ਹੱਥਾਂ @ਚ ਸੀ ਕਈ ਉਹ ਵੀ ਗਵਾ ਗਏ। ਅੱਖਾਂ ਸਾਹਵੇਂ ਕਤਲ ਹੁੰਦੇ ਵੇਖੇ ਅਤੇ ਉਸ ਵੇਲੇ ਹਵਸੀ ਗੁੰਡਿਆਂ ਦੀ ਨਜ਼ਰ ਤੋਂ ਬਚਦੇ ਖੂਹਾਂ ਚ ਡਿੱਗੇ ਤੇ ਧੀਆਂ ਭੈਣਾਂ ਨੂੰ ਖੁਦ ਹੱਥੀ ਸੁੱਟਣ ਨੂੰ ਮਜ਼ਬੂਰ ਹੋ ਗਏ ਸੀ।

ਹੱਢ ਭਨਵੀ ਮਿਹਨਤ ਕਰਕੇ ਚਾਹ ਦੇ ਹੋਟਲ ਦਾਲ ਭੁਜੀਆ ਵੇਚ ਕੇ, ਮਿਹਨਤ ਮਜੂਰੀ, ਨੌਕਰੀ ਦਿਹਾੜੀ ਬੱਸ ਕੰਮ ਕਰਨਾ ਪਰਿਵਾਰ ਪਾਲਣਾਂ ਸੋਚ ਕੇ ਮੁੜ ਪੈਰਾਂ ਸਰ ਹੋਏ। ਉਨਾ ਬਹੁਤ ਮਿਹਨਤਾਂ ਕੀਤੀਆਂ। ਪ੍ਰੰਤੂ ਬਾਅਦ ਚ ਜਿੰਨੀ ਜਾਇਦਾਦ ਘਰ, ਪਰਿਵਾਰ ਗਵਾ ਕੇ ਪੈਲੀ ਛਡ ਕੇ ਆਏ ਸੀ ਉਹਨਾਂ ਨੂੰ ਉਹਨਾਂ ਬਰਾਬਰ ਕਿਸੇ ਨੂੰ ਵੀ ਨਹੀਂ ਮਿਲਿਆ।

ਦੇਸ਼ ਆਜ਼ਾਦ ਕਰਾਉਣ ਵਾਲਿਆਂ ਦੇ ਮਨ ਵਿੱਚ ਇੱਕ ਸੋਚ ਸੀ ਕਿ ਸਾਡਾ ਭਾਰਤ ਦੇਸ਼ ਮਹਾਨ ਹੋਵੇਗਾ। ਕਿਹੋ ਜਿਹਾ ਹੋਏਗਾ? ਅਫਸੋਸ ਦੀ ਗੱਲ ਹੈ ਕਿ ਸ਼ਹੀਦਾਂ ਨੂੰ ਵੀ ਧਰਮਾਂ, ਜਾਤਾ ਮਜਹਬਾਂ ਨਾਲ ਵੰਡਿਆ ਜਾ ਰਿਹਾ ਹੈ। ਜਿਹੜਾ ਦੇਸ਼ ਬਹੁ ਧਰਮਾਂ ਦਾ ਗੁਲਦਸਤਾ ਸੀ ਉਸ ਵਿੱਚ ਫ਼ਿਰਕੂ ਹਵਾ ਫਿਰ ਗਈ ਹੈ। ਦੇਸ਼ ਭਰ ਵਿੱਚ ਘਟ ਗਿਣਤੀਆਂ ਨਾਲ ਹੁੰਦੀ ਜ਼ਿਆਦਤੀ ਲੁੱਟ, ਕੁੱਟ, ਦੰਗੇ ਘੱਟ ਗਿਣਤੀਆਂ ਦੇ ਮਨਾਂ ਵਿੱਚ ਖ਼ਤਰੇ ਦੀ ਘੰਟੀ ਵਜਾ ਦਿੰਦੀ ਹੈ। ਚੋਣਾਂ ਜਿੱਤਣ ਲਈ ਫਿਰਕਿਆਂ ਨੂੰ ਭੜਕਾਇਆ ਜਾਂਦਾ ਹੈ।

47 ਤੋਂ ਲੈ ਕੇ ਹੁਣ ਤੱਕ ਹਜੇ ਵੀ ਪਿੰਡਾਂ ਵਿੱਚ ਗੰਦੇ ਪਾਣੀ ਦੀ ਸਮੱਸਿਆ ਬਰਕਰਾਰ ਹੈ। ਗਲੀਆਂ ਨਾਲੀਆਂ ਹਜੇ ਤੱਕ ਨਹੀਂ ਬਣ ਸਕੀਆਂ। ਹਜੇ ਤੱਕ ਹੜ੍ਹ ਰੋਕਣ, ਕੁਦਰਤ ਆਫ਼ਤਾਂ ਨਾਲ ਲੜਨ ਦੇ ਪੂਰੇ ਸਮਰੱਥ ਨਹੀਂ ਹੋਏ। ਕੁਦਰਤੀ ਆਫ਼ਤ ਨੁਕਸਾਨ ਦਾ ਕਾਰਨ ਬਣਦੀ ਹੈ।

ਅਜੇ ਵੀ ਲੋਕਾਂ ਨੂੰ ਢਿੱਡ ਭਰਮੀ ਰੋਟੀ ਨਹੀਂ ਮਿਲਦੀ। ਹਜੇ ਵੀ ਲੋਕ ਫੁੱਟਪਾਥਾਂ ਤੇ ਸੌਂਦੇ ਹਨ। ਭੀਖ ਮੰਗਦੇ ਹਨ। ਢਿੱਡ ਭਰਨ ਲਈ ਢਿੱਡ ਨੰਗਾ ਕਰਨਾ ਪੈਂਦਾ ਹੈ। ਚਾਵਾਂ ਰੀਝਾਂ ਨੂੰ ਜ਼ੋਰਾਵਰ ਲੁੱਟ ਰਹੇ ਹਨ। ਨਾਲੀਆਂ ਵਾਲੇ ਕਾਲੇ ਦਾ ਪੜ੍ਹਦਾਦਾ ਵੀ ਨਾਲੀਆਂ ਕੱਢਦਾ ਸੀ। ਚੰਦ ਹਜੇ ਵੀ ਹਨੇਰ ਵਿੱਚ ਉਹ ਆਪਣੇ ਦਾਦੇ ਨਾਲ ਦਿਹਾੜੀ ਜਾਂਦਾ ਸੀ ਹੁਣ ਉਹਦਾ ਪਿਤਾ ਵੀ ਦਾਤੀ ਫੜਨ ਲੱਗ ਪਿਆ ਹੈ। ਹੋਰ ਵੀ ਬੜੇ ਨੇ ਮੇਰੇ ਪਿੰਡ ਤੇ ਕਸਬੇ ਵਿੱਚ ਜਿਹਨਾ ਦੇ ਘਰ ਰੋਸ਼ਨੀ ਨੂੰ ਤਰਸਦੇ ਹਨ ਬੇਸ਼ੱਕ ਪੈਨ ਦੇ ਪੋਪਲੇ ਜਿਨ੍ਹੇ ਲੋਕਾਂ ਦਾ ਜੀਵਨ ਪੱਧਰ ਉੱਚਾ ਹੋ ਗਿਆ ਹੈ, ਮਹਾਂ ਨਗਰਾਂ ਵੱਡੇ ਸ਼ਹਿਰਾਂ ਵਿੱਚ ਅੰਬਰ ਛੋਹਦੀਆਂ ਬਿਲਡਿੰਗ, ਬਹੁ ਮਾਰਗੀ ਸੜਕਾਂ, ਪਲਾਜ਼ਾ, ਹੋਟਲ ਮੋਟਲ, ਜਹਾਜ਼ ਮਿਜ਼ਾਇਲ ਤੇ ਦੇਸ਼ ਦਾ ਰੱਖਿਆ ਤੇ ਫੌਜ ਦੇ ਸਮਾਨ ਦੀ ਨੁਮਾਇਸ਼, ਮਹਾਨਗਰ ਦੇ ਲੋਕਾਂ ਦਾ ਰਹਿਣ ਸਹਿਣ ਜੀਵਨ ਪੱਧਰ ਦੇਖ ਕੇ ਲੱਗਦਾ ਹੈ ਕਿ ਅਸੀਂ ਕਿਸੇ ਬਹੁਤ ਵਿਕਸਿਤ ਮੁਲਕ ਵਿੱਚ ਹੋਈਏ। ਪਰ ਜਦੋਂ ਨੰਗ ਧੜੰਗੇ ਢਿੱਡੋਂ ਭੁੱਖੇ ਮੈਲੇ ਕੁਚੈਲ ਬੱਚਿਆਂ ਨੂੰ ਦੇਖਦੇ ਹਾਂ ਤਾਂ ਮਨ ਵਿੱਚੋਂ ਚੀਸ ਉੱਠਦੀ ਹੈ ਕਿ ਹਜੇ ਵੀ ਭਾਰਤ ਦੇਸ਼ ਉਹ ਭਾਰਤ ਨੀ ਬਣ ਸਕਿਆ ਜਿਸ ਦੀ ਸ਼ਹੀਦਾਂ ਯੋਧਿਆਂ ਤੇ ਭਾਰਤ ਦੇ ਵਾਸੀਆਂ ਨੇ ਚਿਤਵਿਆ ਸੀ। ਅਜੋਕੇ ਸਮੇਂ ਵਿੱਚ ਗਰੀਬ ਹੋਰ ਗਰੀਬ ਹੋ ਰਿਹਾ ਅਮੀਰ ਹੋਰ ਅਮੀਰ ਹੋ ਰਿਹਾ। ਮੱਧ ਵਰਗੀ ਪਰਿਵਾਰ ਪਿਸ ਰਿਹਾ ਹੈ। ਲੋਕਾਂ ਨੂੰ ਸਿਹਤ ਸਹੂਲਤਾਂ ਐਨੀਆਂ ਮਹਿੰਗੀਆਂ ਮਿਲ ਰਹੀਆਂ ਹਨ ਕਿ ਆਪਰੇਸ਼ਨ ਗੰਭੀਰ ਬਿਮਾਰੀਆਂ ਕਾਰਨ ਹਸਪਤਾਲ ਗਿਆ ਮਰੀਜ਼ ਕਈ ਲੱਖ ਰੁਪਆ ਨੂੰ ਫੂਕ ਕੇ ਆਉਂਦਾ ਹੈ। ਪੱਕੇ ਅਰੋਗ ਹੋਣ ਦਾ ਭਰੋਸਾ ਨਹੀਂ। ਪੜ੍ਹਾਈ ਲਈ ਕਾਲਜ, ਯੂਨੀਵਰਸਿਟੀਆਂ ਦਾ ਨਿਜੀ ਕਾਰਨ ਹੋ ਰਿਹਾ, ਨਿੱਜੀ ਯੂਨੀਰਸਿਟੀਆਂ ਖੁੱਲ ਚੁੱਕੀਆਂ ਹਨ। ਮਾੜੇ ਬੰਦੇ ਦੇ ਵੱਸ ਵਿੱਚ ਨਹੀਂ ਕਿ ਉਹ ਆਪਣੇ ਬੱਚਿਆਂ ਨੂੰ ਉੱਚ ਸਿੱਖਿਆ ਦਵਾ ਸਕੇ।

ਪੰਜਾਬ ਵਿੱਚ ਨਸ਼ਿਆਂ ਦਾ ਕਹਿਰ ਹੈ ਇਹ ਅੱਜ ਨਹੀਂ ਹੋਇਆ ਛੂਤ ਦੀ ਵਬਾ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੋਂ ਫੁੱਲ ਰਹੀ ਹੈ। ਇਹ ਅੱਜ ਹੀ ਅਮਰਵੇਲ ਨਹੀਂ ਬਣੀ ਹੁਣ ਤੱਕ ਦੇ ਸਾਸ਼ਕ ਬਰਾਬਰ ਦੇ ਭਾਈਵਾਲ ਹਨ। ਜਿਹੜਾ ਵੀ ਸਿਆਸਤ ਵਿੱਚ ਆਇਆ ਉਹ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਮਾਇਆ ਹੀ ਮਾਇਆ ਕਰ ਗਿਆ।

ਬਹੁਤ ਘੱਟ ਸਿਆਸੀ ਵਿਧਾਇਕ ਮੰਤਰੀ ਹੋਣਗੇ ਜਿਨਾਂ ਨੇ ਸਿਆਸਤ ਵਿੱਚੋਂ ਕੁਝ ਨਹੀਂ ਬਣਾਇਆ। ਕਾਸ਼ ਹੁਣ ਦੀਆਂ ਸਿਆਸਤਾਂ ਨੇ ਭਾਰਤ ਨੂੰ, ਪੰਜਾਬ ਨੂੰ ਸੱਚੀ ਚੜ੍ਹਦੀ ਕਲਾ ਵਿੱਚ ਕਰਨ ਦਾ ਦੇਸ਼ ਚੋਂ ਗਰੀਬੀ ਚੁੱਕਣ ਦਾ ਦੇਸ਼ ਨੂੰ ਸੋਨੇ ਦੀ ਚਿੜੀ ਮੁੜ ਤੋਂ ਬਣਾਉਣ ਦਾ ਸੰਕਲਪ ਲਿਆ ਹੁੰਦਾ ਤਾਂ ਭਾਰਤ ਦੇ ਖਾਸ ਕਰ ਪੰਜਾਬ ਸੂਬੇ ਦੇ ਨੌਜਵਾਨਾਂ ਨੂੰ ਤੀਹ ਤੀਹ ਲੱਖ ਲਾ ਕੇ ਆਪਣੀ ਪੜ੍ਹਾਈ ਲਿਖਾਈ ਕਰਕੇ ਵਿਦੇਸ਼ ਵਿੱਚ ਜਾਣਾ ਪੈਂਦਾ। ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਵਿਦੇਸ਼ ਚ ਘਰ ਬਣਾਉਣ, ਟਰਾਲੇ ਪਾਉਣ ਲਈ ਜ਼ਮੀਨ ਨਾ ਵੇਚਣੀ ਪੈਂਦੀ।

ਦੇਸ਼ ਵਿੱਚ ਵੱਡੇ ਲੋਕ ਕਾਰੋਬਾਰੀ ਲੋਕ ਫਰੌਤੀ ਤੋਂ ਪੀੜਤ ਨਾ ਹੁੰਦੇ, ਜਵਾਨੀ ਨਸ਼ਿਆਂ ਦੇ ਗੁਲਾਮ ਨਾ ਹੁੰਦੇ। ਨੌਜਵਾਨ ਗੈਂਗਸਟਰ ਨਾ ਬਣਦੇ, ਹਰੇਕ ਨੂੰ ਇ ਸਾਫ਼ ਤੇ ਨਿਆ ਮਿਲਿਆ ਹੁੰਦਾ ਖ਼ਾਸਕਰ ਸੂਬੇ ਦਾ ਨਕਸ਼ਾ ਹੋਰ ਹੁੰਦਾ। ਜੇਕਰ ਇਥੇ ਵੀ ਵਧੀਆ ਤੇ ਮੁਫ਼ਤ ਪੜ੍ਹਾਈ ਹੁੰਦੀ, ਰੋਜ਼ਗਾਰ ਦੇ ਸੋਮੇ ਹੁੰਦੇ, ਲੋਕਾਂ ਲਈ ਸੁਰੱਖਿਆ ਹੁੰਦੀ ਬਸ਼ਰ ਬੇ ਡਰ ਹੁੰਦੇ। ਬਲਾਤਕਾਰ ਲੁੱਟ ਖੋਹ ਵਰਗੇ ਘਟਨਾਕ੍ਰਮ ਨਾ ਵਾਪਰਦੇ ਹੁੰਦੇ। ਸਿਹਤ ਸਹੂਲਤਾਂ ਲਈ ਕਰਜਾ ਲੈਣ, ਪੈਲੀ ਜ਼ਮੀਨ ਵੇਚਣ ਲਈ ਲੋਕ ਮਜਬੂਰ ਨਾ ਹੁੰਦੇ ਤਾਂ ਸੱਚ ਹੀ ਭਾਰਤ ਮਹਾਨ ਹੋਣਾ ਸੀ। ਆਓ ਜਿੰਨੇ ਜੋਗੇ ਹਾਂ ਅਸੀਂ ਭਾਰਤ ਨੂੰ ਮਹਾਨ ਬਣਾਉਣ ਵਿੱਚ ਯੋਗਦਾਨ ਪਾਈਏ। ਮੁਹਬੱਤ ਵਧੇ ਨਫ਼ਰਤ ਮੁੱਕੇ ਬੇਈਮਾਨੀ ਨੱਸ ਜਾਵੇ ਸਿਆਸਤ ਚਿੱਟੀ ਹੋ ਜਾਵੇ ਹਰ ਇੱਕ ਨੂੰ ਆਪਣੇ ਹਿਸਾਬ ਨਾਲ ਜੀਉਣ ਦਾ ਹੱਕ ਹੋਵੇ। ਬੱਚਿਆਂ ਮਾਪਿਆਂ ਔਲਾਦ ਲਈ ਫ਼ਿਕਰ ਨਾ ਹੋਵੇ ਕਿ ਕੀ ਬਣੂ,, ਅਸੀਂ ਪੀੜ੍ਹੀ ਹੇਠ ਸੋਟਾ ਮਾਰੀਏ, ਦੋਸਤ ਦੁਸ਼ਮਣ ਨੂੰ ਪਹਿਚਾਣੀਏ ਦੇਸ਼ ਦੇ ਸ਼ਾਸ਼ਕ ਸ਼ਹੀਦਾਂ ਦੇ ਸੁਪਨਿਆਂ ਨੂੰ ਪੂਰਨ ਤੇ ਜਵਾਨੀ ਤੇ ਦੇਸ਼ ਨੂੰ ਬਚਾਉਣ ਖੁਸ਼ਹਾਲ ਕਰਨ ਦਾ ਪ੍ਰਣ ਲੈਣ। ਵੇਖਾਂਗੇ, ਮੁਲਾਂਕਣ ਕਰਾਂਗੇ ਤੇ ਅਗਲੇ ਪੰਦਰਾਂ ਅਗਸਤ ਨੂੰ ਕਿੰਨਾ ਬਦਲ ਗਏ ਹਾਂ ਅਸੀਂ।

# ਕਾਗਜ਼ੀ ਵਿਚੋਲਪੁਣਾ

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦੀ ਲੜਕੀ ਜਨਮ 1992, ਕੱਦ 5 ਫੁੱਟ 3 ਇੰਚ, ਬੀਏ ਪੜ੍ਹੀ ਲਿਖੀ ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਵਿਜਟਿਰ ਵੀਜਾ, ਵਰਕ ਪਰਮਿਟ ਜਾਂ ਸਟੂਡੈਂਟ ਵੀਜਾ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 1 825 333 6923 ਜਾਂ ਵਟਸਐਪ ਕਾਲ: 91-99150 98334 ***279***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਸਰੀ ਰਹਿੰਦੇ ਗਿੱਲ ਪਰਿਵਾਰ ਦੀ ਇਕਲੌਤੀ ਲੜਕੀ, ਜਨਮ 1992, ਕੱਦ 164 ਸੈਂਟੀਮੀਟਰ, ਬੀ ਟੈਕ ਇਨ ਇਲੈਕਟਰੀਕਲ ਇੰਜੀਨੀਅਰਿੰਗ,ਲਈ ਗੁਰਸਿੱਖ ਵਿਚਾਰਾਂ ਵਾਲੀ ਪੜ੍ਹੀਲਿਖੀ ਬੀ ਸੀ ਵਿੱਚ ਰਹਿੰਦੀ ਫੈਮਿਲੀ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 236 458 2228, E Mail: kimgillcanada@gmail.com ***279***

## ਲੜਕੀ ਦੀ ਲੋੜ

ਜੱਟ ਸਿੱਖ ਬੋਪਾਰਾਏ ਪਰਿਵਾਰ ਦੇ ਸੋਹਣੇ ਸੁਨੱਖੇ ਸਟੱਡੀ ਪਰਮਿਟ ਉੱਪਰ ਕੈਨੇਡਾ ਆਏ ਲੜਕੇ,ਜਨਮ 2000,ਕੱਦ 5 ਫੁੱਟ 10 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਰਿਸ਼ਤੇਦਾਰ ਪਰਿਵਾਰ ਕੈਨੇਡਾ ਵਿੱਚ ਪੱਕੇ ਤੌਰ ਤੇ ਸੈੱਟਲ ਹਨ ਜੋ ਕਿ ਲੜਕੇ ਨੂੰ ਸੈੱਟਲ ਹੋਣ ਵਿੱਚ ਆਰਥਿਕ ਮੱਦਦ ਕਰ ਸਕਦੇ ਹਨ। ਤਲਾਕਸ਼ੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 587 227 6000 **te**un**je**

## ਲੜਕੀ ਦੀ ਲੋੜ

Hindu Punjabi khatri boy Jan 1985 born, height 5.7 living in Vancouver upper middle class family, B. Tech/MBA, now self employed in logistics, Canadian citizen looking for a beautiful, educated girl within Canada. Tourist, work permit, PR or citizen. +13065026789 ***279***

## ਲੜਕੀ ਦੀ ਲੋੜ

Ramgarhia parents seeking a girl for their Canadian born and raised 26 years old son who is professionally qualified and working as an engineer for a reputable company. He is non drinker and 6' 2" tall. Girl must be Canadian born and raised and professionally qualified. Cast no bar. May consider citizen or PR. Contact: 1587-783-2518, 1 780-554-3591,
E Mail: gagan_8.4@hotmail.com ***279***

## ਲੜਕੀ/ਲੜਕੇ ਦੀ ਲੋੜ

ਕੈਨੇਡਾ ਵਿਜਟਿਰ ਵੀਜੇ ਉੱਪਰ ਆਏ ਜੱਟ ਸਿੱਖ ਹੰਸਰਾ ਪਰਿਵਾਰ ਦੇ ਲੜਕੇ ਉਮਰ 26 ਸਾਲ ਕੱਦ 5 ਫੁੱਟ 5 ਇੰਚ, ਵਿਦਿਅਕ ਯੋਗਤਾ:+12, ਮੈਡੀਕਲ ਕੰਪਿਊਟਿਰ ਐਪਲੀਕੇਸਨ ਕੋਰਸ, ਆਫਿਸ ਐਡਮਨਿਸਟਰੇਸ਼ਨ-ਐਗਜੈਕਟਿਵ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀ ਭੈਣ ਉਮਰ 28 ਸਾਲ, ਕੱਦ 5 ਫੁੱਟ 2 ਇੰਚ,ਜੋ ਕਨੇਡੀਅਨ ਪੀ ਆਰ ਹੈ,ਲਈ ਵੀ ਕਨੇਡਾ ਤੋਂ ਪੜ੍ਹੇਲਿਖੇ ਨਸ਼ਾ ਰਹਿਤ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 923 3560 ਜਾਂ 1 204 512 3333 ***278***

## ਲੜਕੀ ਦੀ ਲੋੜ

A handsome boy born in 1989, height 5 feet 11 inches, Bachelor of Science from the University of Toronto• Master of Science in Epidemiology and Biostatistics from the University of Western Ontario Profession: Sales Manager and Real Estate Agent Currently living in Calgary, Canada from a Jat Sikh family, needs a bride girl with good marital status. Contact: 1 416 709 4900, 1 647 740 9825 ***278***

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਰਾਮਗੜੀਆ (ਸੰਧੂ) ਪਰਿਵਾਰ ਦੇ ਬਰਨਾਲਾ ਇਲਾਕੇ ਨਾਲ ਸਬੰਧਿਤ ਸੋਹਣੇ ਸੁਨੱਖੇ ਲੜਕੇ ਜਨਮ 2002, ਕੱਦ 6 ਫੁੱਟ, ਵਿਦਿਅਕ ਯੋਗਤਾ: ਪਲੱਸ 2 ਨਾਨ ਮੈਡੀਕਲ (ਚੰਡੀਗੜ੍ਹ) ਡਿਪਲੋਮਾਂ ਸੀ ਐੱਸ ਜਨਰਲ ਸਰੀ ਕੈਨੇਡਾ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 604 355 5931 ਜਾਂ 91 9804500031 *** ***

## ਲੜਕੀ ਦੀ ਲੋੜ

ਕੈਨੇਡੀਅਨ ਜੰਮਪਲ,ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ ਜਨਮ 1992,ਕੱਦ 6 ਫੁੱਟ, Education is Bachelor of Art major in psychology and minor in human resources ਬੈਂਕ ਵਿੱਚ ਬਰਾਂਚ ਮੈਨੇਜਰ ਦੀ ਜੌਬ ਕਰਦੇ ਲਈ ਹਾਣ ਪਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕੇ ਕੋਲ ਵਿਨੀਪੈਗ ਅਤੇ ਐਡਮਿੰਟਨ ਵਿੱਚ ਆਪਣੇ ਘਰ ਹਨ । ਸੰਪਰਕ:1 431 458 5148 ***274***

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ,ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ ਉਮਰ 36 ਸਾਲ, 5 ਫੁੱਟ 11 ਇੰਚ,ਕੈਮਿਕਲ ਇੰਜੀਨੀਅਰ,ਲਈ ਹਾਣ ਪਰਵਾਣ ਦੀ ਯੋਗਤਾ ਵਾਲੀ ਕੈਨੇਡੀਅਨ ਜੰਮਪਲ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ : 1 403 399 2690 ***278***

## ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉਪਰ ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ ਉਮਰ 25,ਕੱਦ 6 ਫੁੱਟ ਵਿਦਿਅਕ ਯੋਗਤਾ ਪਲੱਸ 2 ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ:

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਸੰਧੂ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 28 ਸਾਲ,ਕੱਦ 5 ਫੁੱਟ 11 ਇੰਚ, ਬਿਜਨਿਸ ਦੀ ਪੜ੍ਹਾਈ ਕੀਤੀ ਹੋਈ,ਆਪਣਾ ਕਾਰੋਬਾਰ ਕਰਦੇ ਲਈ ਪ੍ਰੋਫੈਸ਼ਨਲੀ ਕੁਆਲੀਫਾਈਡ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪਿਛੋਕੜ ਵਾਲਾ ਲੜਕਾ ਪਰਿਵਾਰ ਸਮੇਤ 2015 ਤੋਂ ਅਲਬਰਟਾ ਵਿੱਚ ਸੈੱਟਲਡ ਹੈ। ਮਾਝੇ ਨੂੰ ਪਹਿਲ। ਮੈਰਿਜ ਬਿਊਰੋ ਮਾਫ ਕਰਨ। ਸੰਪਰਕ ਸਿਰਫ ਵਟਸਐਪ : 1 780 888 5995 ***274***

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਜੱਟ ਸਿੱਖ ਮੱਲੀ ਪਰਿਵਾਰ ਦੇ ਲੜਕੇ ਉਮਰ 27 ਸਾਲ, ਕੱਦ 6 ਫੁੱਟ, ਮਕੈਨੀਕਲ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ ਜ 'ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1587 917 5166 ***277***

## ਲੜਕੀ ਦੀ ਲੋੜ

ਜੱਟ ਸਿੱਖ ਪਰਿਵਾਰ ਦੇ ਓਪਨ ਵਰਕ ਪਰਮਿਟ ਉੱਪਰ ਆਏ ਟਰੱਕ ਡਰਾਈਵਰ ਦੀ ਜੌਬ ਕਰਦੇ,ਲੜਕੇ ਉਮਰ 41 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ +2 ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਿਵੋਰਸ ਲੜਕੀ ਵੀ, ਚਾਹੇ ਬੱਚੇ ਵੀ ਹੋਣ, ਸੰਪਰਕ ਕਰ ਸਕਦੀ ਹੈ। ਸੰਪਰਕ: 403 975 8441 ***277***

## ਲੜਕੇ ਦੀ ਲੋੜ

ਕੈਨੇਡੀਅਨ ਸਿਟੀਜ਼ਨ,ਜੱਟ ਸਿੱਖ ਪਰਿਵਾਰ ਦੀ ਲੜਕੀ,ਜਨਮ 1996,ਕੱਦ 5 ਫੁੱਟ 6 ਇੰਚ,ਵਿੱਦਿਅਕ ਯੋਗਤਾ: ਐਸੋਸੀਏਟ ਡਿਗਰੀ ਇਨ ਕੰਪਿਊਟਰ ਸਾਇੰਸ,ਹੁਣ ਸਟੋਰ ਮੈਨੇਜਰ ਦੀ ਜੌਬ ਕਰਦੀ ਲਈ, ਹਾਣ ਪ੍ਰਵਾਣ ਦੀ ਯੋਗਤਾ ਵਾਲੇ ਵੈੱਲ ਸੈਟਲਡ ਪਰਿਵਾਰ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 852 2852 ***277***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੀ ਅਣਮੈਰਿਡ ਸੋਹਣੀ ਸੁਨੱਖੀ ਲੜਕੀ,ਉਮਰ 42 ਸਾਲ, ਕੱਦ 5 ਫੁੱਟ 3 ਇੰਚ, ਚੰਗੀ ਤਨਖਾਹ ਉੱਪਰ ਸਰਕਾਰੀ ਜੌਬ ਕਰਦੀ ਲਈ,ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਿਜਟਿਰ ਵੀਜਾ ਜਾਂ ਵਰਕ ਪਰਮਿਟ ਵਾਲੇ ਲੜਕੇ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਿਆਹ ਤੋਂ ਬਾਦ ਲੜਕਾ ਐਡਮਿੰਟਨ ਰਹਿਣ ਲਈ ਤਿਆਰ ਹੋਵੇ। ਤਸਵੀਰਾਂ ਅਤੇ ਬਾਇਓਡਾਟਾ -1 780 982 0336 ਉੱਪਰ ਵਟਸਐਪ ਭੇਜ ਸਕਦੇ ਹੋ। ***276***

## ਲੜਕੀ ਦੀ ਲੋੜ

Jat Sikh Bhullar family seeking a suitable match for their son who is a turban wearer non drinker, convent educated from Dalhousie and diploma in hospitality from Australia. 31-year-old, 5'-11" who is living in Australia since 2015. He owns 16 acres of farmland and a new flat in new Chandigarh. He has come to visit his Nanka family in Calgary and seeking a suitable PR or Canadian citizen girl. Please call or text: 1 587 436 5229 ***276***

## ਲੜਕੀ ਦੀ ਲੋੜ

ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਕੈਨੇਡਾ ਵਰਕ ਪਰਮਿਟ ਉੱਪਰ ਕੈਲਗਰੀ ਰਹਿੰਦੇ ਲੜਕੇ,ਜਨਮ 1991, ਲਈ ਹਾਣ ਪ੍ਰਵਾਣ ਦੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 236 234 0315 ਜਾਂ ਈ ਮੇਲ: harpdhaliwal408 @icloud.com ***276***

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਨਰੂਲਾ (ਮਹਾਜਨ) ਪਰਿਵਾਰ ਦੇ ਵੈਜੀਟੇਰੀਅਨ,ਨਾਨ ਡਰਿੰਕ,,ਲੜਕੇ ਜਨਮ 1988, ਕੱਦ 6 ਫੁੱਟ, ਵਿਦਿਅਕ ਯੋਗਤਾ: ਬੀ ਟੈੱਕ ਇਨ ਕੰਪਿਊਟਰ ਸਾਇੰਸ(ਪੀ ਆਰ ਅਪਲਾਈਡ) ਚੰਗੀ ਕੰਪਨੀ ਵਿੱਚ ਮੈਨੇਜਰ ਦੇ ਤੌਰ ;ਤੇ ਕੰਮ ਕਰਦੇ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਾਕਟਰੀ ਦੇ ਖੇਤਰ ਵਿੱਚ ਲੜਕੇ ਦੇ ਪਿਤਾ ਦਾ ਆਪਣਾ ਕਲੀਨਕ ਹੈ। ਸੰਪਰਕ: 1 403 973 4039 ***275***

## ਲੜਕੀ ਦੀ ਲੋੜ

ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਨਸ਼ਾ ਰਹਿਤ,10 ਏਕੜ ਜ਼ਮੀਨ ਦੇ ਮਾਲਿਕ, ਇਕਲੌਤੇ ਲੜਕੇ ਉਮਰ 23 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ: ਬੀ ਸੀ ਏ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 827 6257 ***274***

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਜੱਟ ਸਿੱਖ ਹੇਰ ਪਰਿਵਾਰ ਦੇ ਨਸ਼ਾ ਰਹਿਤ ਲੜਕੇ ਉਮਰ 26 ਸਾਲ,ਕੱਦ 5 ਫੁੱਟ 9 ਇੰਚ, ਘਰਾਂ ਦੇ ਕੰਮ ਸਾਈਡਿੰਗ,ਰੂਫਿੰਗ,ਗਟਰ ਆਦਿ ਦੇ ਕੰਮ ਵਿੱਚ ਮਾਹਿਰ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 827 6257 ***274***

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਜੱਟ ਸਿੱਖ ਚਹਿਲ ਪਰਿਵਾਰ ਦੇ ਲੜਕੇ,ਜਨਮ 1995, ਕੱਦ 6 ਫੁੱਟ 2 ਇੰਚ, ਵਿਦਿਅਕ ਯੋਗਤਾ: ਕੇਟਰਿੰਗ ਐਂਡ ਹੋਟਲ ਮੈਨੇਜਮੈਂਟ ਗਰੈਜੂਏਟ (ਕੋਲਕਾਤਾ) ਰਸੋਈ ਮੈਨੇਜਮੈਂਟ ਪੋਸਟ ਗਰੈਜੂਏਟ ਡਿਪਲੋਮਾ ਇਨ ਕੈਨੇਡਾ, ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ:1 587 973 4590 ***274***

## ਲੜਕੀ ਦੀ ਲੋੜ

ਨਿਊਜੀਲੈਂਡ ਪੀ ਆਰ, ਜੱਟ ਸਿੱਖ ਵਿਰਕ ਪਰਿਵਾਰ ਦੇ ਨਿਊਜੀਲੈਂਡ ਸਰਕਾਰ ਵਿੱਚ ਕੋਰੈਕਸਨ ਅਫਸਰ ਦੀ ਜੌਬ ਕਰਦੇ ਸੋਹਣੇ ਸੁਨੱਖੇ ਲੜਕੇ,ਜਨਮ 1993, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਬੈਚੂਲਰ ਇਨ ਕਾਮਰਸ, ਨਿਊਜੀਲੈਂਡ ਤੋਂ ਗਰੈਜੂਏਟ ਡਿਪਲੋਮਾ ਇਨ ਅਕਾਊਟਿੰਗ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਛੋਟਾ ਭਰਾ ਕਨੇਡੀਅਨ ਪੀ ਆਰ ਹੈ। ਸੰਪਰਕ :91 99880 03784 ***274***

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਜੱਟ ਸਿੱਖ ਸਮਰਾ ਪਰਿਵਾਰ ਦੇ ਨਸ਼ਾ ਰਹਿਤ ਲੜਕੇ, ਜਨਮ 1993 ਕੱਦ 6 ਫੁੱਟ 3 ਇੰਚ, ਵਿਦਿਅਕ ਯੋਗਤਾ ਇਲੈਕਟ੍ਰੀਕਲ ਜਰਨੀਮੈਨ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ :1 780 271 2253 ***274***

## ਲੜਕੇ ਦੀ ਲੋੜ

The Jatt Sikh Rai family is looking for a suitable match for their beautiful, tall Canadian citizen daughter, 31 years old, 5'10 "tall. She is family-oriented, with strong family values, well-educated with an associate degree in Healthcare Information Management, and works as a Project Manager in the healthcare field. We are seeking a tall, handsome individual who is a Canadian citizen and resides in Calgary or nearby areas, with a professional career. For contact, please call, text, or leave a voicemail at 403 478 7405 (for serious inquiries only). ***274***

## ਲੜਕੇ ਦੀ ਲੋੜ

ਜੱਟ ਸਿੱਖ ਕੰਦੋਲਾ ਪਰਿਵਾਰ ਦੀ ਆਬੂਧਾਬੀ ਵਿਖੇ ਰਹਿੰਦੀ ਅਤੇ ਬੈਂਕ ਦੀ ਜੌਬ ਕਰਦੀ ਲੜਕੀ ਉਮਰ 35 ਸਾਲ, ਕੱਦ 5 ਫੁੱਟ 5 ਇੰਚ,ਵਿਦਿਅਕ ਯੋਗਤਾ : ਐਮ ਬੀ ਏ ਫਾਇਨੈਂਸ ਲਈ ਕਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ ।ਸੰਪਰਕ: 1587 228 0693, Email: arandhawa gmail.com ***291***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******

## ਲੜਕੀ ਦੀ ਲੋੜ

ਕਨੇਡਾ ਵਿੱਚ ਵਰਕ ਪਰਮਿਟ ਉਪਰ ਜੱਟ ਸਿੱਖ ਦੁਸਾਂਝ ਪਰਿਵਾਰ ਦੇ ਕੈਲਗਰੀ ਰਹਿੰਦੇ ਲੜਕੇ,ਉਮਰ 27 ਸਾਲ,ਕੱਦ 6 ਫੁੱਟ 4 ਇੰਚ ਵਿਦਿਅਕ ਯੋਗਤਾ ਐਮ ਏ, ਤਲਾਕਸ਼ੁਦਾ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾਂ ਬੱਚੇ ਤੋਂ ਤਲਾਕ ਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 403 971 2245 ***280*** *F*

## ਲੜਕੀ ਦੀ ਲੋੜ

ਕਨੇਡੀਅਨ ਬੌਰਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ ਨਾਨ ਡਰਿੰਕਰ, ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਕਨੇਡੀਅਨ ਯੂਨੀਵਰਿਸਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਬੈਚੂਲਰ ਡਿਗਰੀ, ਸਾਫਟਵੇਅਰ ਡਿਵੈਲਪਮੈਂਟ ਕੰਪਨੀ ਨਾਲ ਟੋਟਲ ਰੀਵਾਰਡਜ਼ ਮੈਨੇਜਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਈ ਕਾਮਰਸ ਬਿਜਨਿਸ ਵੀ ਹੈ। ਸੰਪਰਕ: 403 561 6016 ***-***

## ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 403 826 8245 *** ***

## ਲੜਕੇ ਦੀ ਲੋੜ

ਜੱਟ ਸਿੱਖ, ਖੈਰਾ ਪਰਿਵਾਰ ਬਰਨਾਲਾ ਇਲਾਕੇ ਦੀ ਪੰਜਾਬ ਰਹਿੰਦੀ, ਚੰਗੀਆਂ ਪਰਿਵਾਰਿਕ ਕਦਰਾਂ ਕੀਮਤਾਂ ਵਾਲੀ,ਸੋਹਣੀ ਸੁਨੱਖੀ,ਇੰਟੈਲੀਜੈਂਟ, ਲੜਕੀ ਜਨਮ 1992,ਕੱਦ 5 ਫੱਟ 3 ਇੰਚ, ਵਿਦਿਅਕ ਯੋਗਤਾ ਐਮ ਐੱਸ (ਆਈ ਟੀ) ਲਈ ਕਨੇਡਾ ਅਮਰੀਕਾ ਜਾਂ ਆਸਟਰੇਲੀਆ ਰਹਿੰਦੇ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: ਵਟਸਐਪ 91-9393800002 ਜਾਂ 1 780 300 2000 ***_***

## ਲੜਕੇ ਦੀ ਲੋੜ

Jatt Sikh family seek a suitable match for their 5ft. 8inch / 30 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

"ਪੰਜਾਬੀ ਅਖ਼ਬਾਰ" ਵਿੱਚ ਖ਼ਬਰਾਂ,ਕਾਰੋਬਾਰ ਵਿੱਚ ਵਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ, ਇੰਡੀਅਨ ਪਾਸਪੋਰਟ ਉੱਪਰ ਨਾਮ ਬਦਲੀ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।
Email: punjabiakhbaar@gmail.com
403 640 2000

## ਲੜਕੀ ਦੀ ਲੋੜ

ਕਨੇਡਾ ਸਟੂਡੈਂਟ/ਵਰਕ ਪਰਮਿਟ ਉੱਪਰ ਕਨੇਡਾ ਆਏ ਜੱਟ ਸਿੱਖ ਸਮਰਾ ਪਰਿਵਾਰ ਦੇ ਇਕਲੌਤੇ, ਸੋਹਣੇ ਸੁਨੱਖੇ ਲੜਕੇ ਉਮਰ 22 ਸਾਲ ਕੱਦ 5 ਫੁੱਟ 9 ਇੰਚ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਆਰਥਿਕ ਤੌਰ ਤੇ ਬਹੁਤ ਚੰਗੀ ਹਾਲਾਤ ਵਾਲੇ ਸਿਰੇ ਦੇ ਮਿਹਨਤੀ ਲੜਕੇ ਕੋਲ ਪੰਜਾਬ ਵਿੱਚ 20 ਏਕੜ ਜ਼ਮੀਨ, ਕੰਬਾਈਨ,ਟਰੈਕਟਰ, ਕਾਰੋਬਾਰੀ (ਆੜ੍ਹਤ)ਦਾ ਪਿਛੋਕੜ, ਪਿੰਡ ਵਿੱਚ ਵੱਡ ਅਕਾਰੀ ਕੋਠੀ, ਗੱਡੀ ਆਦਿ ਵਰਗੀਆਂ ਸਹੂਲਤਾਂ ਮੌਜੂਦ ਹਨ। ਲੜਕੇ ਦਾ ਤਾਇਆ ਅਤੇ ਬਾਕੀ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈਟਲ ਹੈ।
ਸੰਪਰਕ 1 780 300 2000 (ਵਟਸਐਪ): 9583592000

## ਬੰਬੂ ਵਰਲਡ ਫਰਨੀਚਰ

ਕੈਲਗਰੀ ਵਿੱਚ ਪਹਿਲੀ ਵਾਰ ਇੰਡੀਆ ਤੋਂ ਬੈਂਤ ਦਾ ਬਣਿਆ ਫਰਨੀਚਰ

ਜੇ ਤੁਸੀਂ ਵਧੀਆ ਅਤੇ ਮਜਬੂਤ ਪੇਟੀ-ਕੁਰਸੀਆਂ,ਟੇਬਲ ਖਰੀਦਣਾਂ ਚਾਹੁੰਦੇ ਹੋ, ਤਾਂ ਬੈਂਤ ਦੀਆਂ ਹੱਥਾਂ ਨਾਲ ਤਿਆਰ ਕੀਤੀਆਂ,ਬਰੇਲੀ ਦੀਆਂ ਬਣੀਆਂ ਕੁਰਸੀਆਂ ਟੇਬਲ ਸਾਡੇ ਕੋਲੋਂ ਖਰੀਦ ਸਕਦੇ ਹੋ। ਇਹ ਕੁਰਸੀਆਂ ਅਤੇ ਟੇਬਲ ਸਾਰੀ ਜ਼ਿੰਦਗੀ ਖਰਾਬ ਨਹੀਂ ਹੋਣਗੀਆਂ।
ਫੋਨ : 587 439 4305 ਜਾਂ 587 718 7574

## ਘਰ ਦੇ ਕੰਮ ਲਈ ਸਹਾਇਕ ਔਰਤ ਦੀ ਲੋੜ

ਕੈਲਗਰੀ ਸਹਿਰ ਦੇ ਸੈਡਲਰਿੱਜ ਏਰੀਆ ਵਿੱਚ ਰਹਿੰਦੀ ਪੰਜਾਬੀ ਫੈਮਿਲੀ ਨੂੰ ਘਰ ਦੇ ਕੰਮ ( ਬਰਤਨ ਧੋਣੇ ਅਤੇ ਘਰ ਦੀ ਸਾਫ ਸਫਾਈ ਆਦਿ) ਲਈ ਹੈਲਪਰ (ਔਰਤ) ਦੀ ਲੋੜ ਹੈ । ਕੰਮ ਹਫ਼ਤੇ ਦੇ ਪੰਜ ਦਿਨ 30-35 ਘੰਟੇ ਹੋਵੇਗਾ । ਚੰਗੀ ਤਨਖਾਹ ਦਿੱਤੀ ਜਾਵੇਗੀ।
ਸੰਪਰਕ : 587 329 7202

## Name Change

I, NAVNEET KAUR daughter of DHARMINDER SINGH , holder of Indian Passport No.# N0190225 , issued CHANDIGARH , on 22/06/2015 , permanent resident of H.N: 239 ST NO.3 NEAR GURUDWARA NIRMOLIK HIRA AMAN NAGAR, LUDHIANA,PIN: 141008,PUNJAB, INDIA and presently residing at 217 TARALEA GREEN,NE, CALGARY (AB) T3J4Y4, CANADA, do hereby change my name from NAVNEET KAUR to NAVNEET KAUR GREWAL, with immediate effect.
Date : 11/08/2025 Cont.: 825 561 5656

## Need Office Administrator

**We need Office administrator person for our Calgary Office. who speaks good English, must have driver license, good wages,we will give training also!**

**Contact : Kam Khamba @403-975-0128**


## ਮੋਦੀ ਵੱਲੋਂ ਰਾਧਾਕ੍ਰਿਸ਼ਨਨ ਦੇ ਨਾਮ 'ਤੇ ਸਰਬਸੰਮਤੀ ਬਣਾਉਣ ਦੀ ਅਪੀਲ

ਨਵੀਂ ਦਿੱਲੀ (ਪੰਜਾਬੀ ਅਖਬਾਰ ਬਿਊਰੋ) ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸੰਸਦ ਭਵਨ ਕੰਪਲੈਕਸ ਵਿੱਚ ਕੌਮੀ ਜਮਹੂਰੀ ਗੱਠਜੋੜ (ਐੱਨਡੀਏ) ਸੰਸਦੀ ਦਲ ਦੀ ਬੈਠਕ ਦੌਰਾਨ ਮਹਾਰਾਸ਼ਟਰ ਦੇ ਰਾਜਪਾਲ ਅਤੇ ਉਪ ਰਾਸ਼ਟਰਪਤੀ ਦੀ ਚੋਣ ਲਈ ਸੱਤਾਧਾਰੀ ਗੱਠਜੋੜ ਦੇ ਉਮੀਦਵਾਰ ਸੀਪੀ ਰਾਧਾਕ੍ਰਿਸ਼ਨਨ ਨੂੰ ਸਨਮਾਨਿਤ ਕੀਤਾ। ਉਨ੍ਹਾਂ ਰਾਧਾਕ੍ਰਿਸ਼ਨਨ ਦਾ ਸੰਸਦ ਮੈਂਬਰਾਂ ਤੇ ਹੋਰਨਾਂ ਆਗੂਆਂ ਨਾਲ ਰਸਮੀ ਤੁਆਰਫ਼ ਕਰਵਾਇਆ। ਉਨ੍ਹਾਂ ਰਾਧਾਕ੍ਰਿਸ਼ਨਨ ਦੇ ਨਾਂ 'ਤੇ ਸਰਬਸੰਮਤੀ ਬਣਾਉਣ ਦੀ ਅਪੀਲ ਕੀਤੀ।ਭਾਰਤ ਦੇ ਦੂਜੇ ਸਭ ਤੋਂ ਵੱਡੇ ਸੰਵਿਧਾਨਕ ਅਹੁਦੇ ਲਈ 9 ਸਤੰਬਰ ਨੂੰ ਹੋਣ ਵਾਲੀਆਂ ਚੋਣਾਂ ਤੋਂ ਪਹਿਲਾਂ ਐੱਨਡੀਏ ਗੱਠਜੋੜ ਦੇ ਸਾਰੇ ਭਾਈਵਾਲਾਂ ਅਤੇ ਭਾਜਪਾ ਦੇ ਸੰਸਦ ਮੈਂਬਰਾਂ ਅਤੇ ਐਨਡੀਏ ਵਿਚ ਸ਼ਾਮਲ ਪਾਰਟੀਆਂ ਦੇ ਫਲੋਰ ਲੀਡਰਾਂ ਨੇ ਬੈਠਕ ਵਿੱਚ ਸ਼ਿਰਕਤ ਕੀਤੀ।

## ਭਾਰਤ-ਚੀਨ ਵਿਚਾਲੇ ਮਤਭੇਦ ਵਿਵਾਦ ਨਾ ਬਣਨ: ਜੈਸ਼ੰਕਰ

ਨਵੀਂ ਦਿੱਲੀ (ਪੰਜਾਬੀ ਅਖਬਾਰ ਬਿਊਰੋ)- ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਆਪਣੇ ਚੀਨੀ ਹਮਰੁਤਬਾ ਵਾਂਗ ਯੀ ਨਾਲ ਗੱਲਬਾਤ ਦੌਰਾਨ ਕਿਹਾ ਕਿ ਭਾਰਤ-ਚੀਨ ਸਬੰਧਾਂ ਨੂੰ ਆਪਸੀ ਸਨਮਾਨ, ਆਪਸੀ ਸੰਵੇਦਨਸ਼ੀਲਤਾ ਅਤੇ ਆਪਸੀ ਹਿੱਤ ਦੇ ਸਿਧਾਂਤ ਨਾਲ ਨਿਰਦੇਸ਼ਿਤ ਹੋਣਾ ਚਾਹੀਦਾ ਹੈ। ਚੀਨੀ ਵਿਦੇਸ਼ ਮੰਤਰੀ ਦੇ ਦੋ ਰੋਜ਼ਾ ਦੌਰੇ 'ਤੇ ਦਿੱਲੀ ਪਹੁੰਚਣ ਤੋਂ ਤੁਰੰਤ ਬਾਅਦ ਜੈਸ਼ੰਕਰ ਨੇ ਵਾਂਗ ਨਾਲ ਗੱਲਬਾਤ ਕੀਤੀ। ਮੀਟਿੰਗ ਵਿੱਚ ਆਪਣੀ ਸ਼ੁਰੂਆਤੀ ਟਿੱਪਣੀ ਵਿੱਚ ਵਿਦੇਸ਼ ਮੰਤਰੀ ਨੇ ਇਹ ਜ਼ਿਕਰ ਵੀ ਕੀਤਾ ਕਿ ਦੋਵੇਂ ਦੇਸ਼ਾਂ ਦਰਮਿਆਨ ਮਤਭੇਦ ਵਿਵਾਦ ਨਹੀਂ ਬਣਨੇ ਚਾਹੀਦੇ ਅਤੇ ਵਖਰੇਵੇਂ ਵਿਵਾਦ ਦਾ ਕਾਰਨ ਨਹੀਂ ਬਣਨੇ ਚਾਹੀਦੇ ਅਤੇ ਮੁਕਾਬਲਾ, ਸੰਘਰਸ਼ ਵਿੱਚ ਨਹੀਂ ਬਦਲਣਾ ਚਾਹੀਦਾ ਹੈ। ਜੈਸ਼ੰਕਰ ਨੇ ਪੂਰਬੀ ਲੱਦਾਖ ਵਿੱਚ ਅਸਲ ਕੰਟਰੋਲ ਰੇਖਾ ਦੇ ਨਾਲ ਲੱਗਦੇ ਸਰਹੱਦੀ ਖੇਤਰਾਂ ਵਿੱਚੋਂ ਫੌਜਾਂ ਪਿੱਛੇ ਹਟਾਉਣ ਦੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਉਣ ਦੀ ਲੋੜ 'ਤੇ ਵੀ ਜ਼ੋਰ ਦਿੱਤਾ।ਜੈਸ਼ੰਕਰ ਨੇ ਕਿਹਾ, "ਇਹ ਮੌਕਾ ਸਾਨੂੰ ਮਿਲਣ ਅਤੇ ਆਪਣੇ ਦੁਵੱਲੇ ਸਬੰਧਾਂ ਦੀ ਸਮੀਖਿਆ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ। ਇਹ ਆਲਮੀ ਸਥਿਤੀ ਅਤੇ ਆਪਸੀ ਹਿੱਤਾਂ ਦੇ ਕੁਝ ਮੁੱਦਿਆਂ 'ਤੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਨ ਦਾ ਵੀ ਢੁਕਵਾਂ ਸਮਾਂ ਹੈ।" ਉਨ੍ਹਾਂ ਕਿਹਾ, "ਸਾਡੇ ਸਬੰਧਾਂ ਵਿੱਚ ਇਕ ਮੁਸ਼ਕਲ ਦੌਰ ਦੇਖਣ ਤੋਂ ਬਾਅਦ, ਹੁਣ ਦੋਵੇਂ ਦੇਸ਼ ਅੱਗੇ ਵਧਣਾ ਚਾਹੁੰਦੇ ਹਨ। ਇਸ ਵਾਸਤੇ ਦੋਵੇਂ ਧਿਰਾਂ ਵੱਲੋਂ ਇਕ ਸਪੱਸ਼ਟ ਅਤੇ ਰਚਨਾਤਮਕ ਦ੍ਰਿਸ਼ਟੀਕੋਣ ਦੀ ਲੋੜ ਹੈ।" ਉਨ੍ਹਾਂ ਹਰ ਤਰ੍ਹਾਂ ਦੇ ਅਤਿਵਾਦ ਖ਼ਿਲਾਫ਼ ਆਰੰਭੀ ਜੰਗ ਦਾ ਜ਼ਿਕਰ ਵੀ ਕੀਤਾ।

## ਖੇਤਾਂ ਦੇ ਕੰਮ ਲਈ ਕਾਮਿਆਂ ਦੀ ਲੋੜ



ਟਰੀ ਪੈਕਿੰਗ ਦਾ ਕੰਮ
(ਮਾਰਚ ਤੋਂ ਦਸੰਬਰ ਤੱਕ ਚਲੇਗਾ)
ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ
ਕੀਤੇ ਹੋਏ ਕੰਮ ਦੀਆਂ ਸਟੈਂਪਾ ਦਿੱਤੀਆਂ ਜਾਣਗੀਆਂ
ਰਹਿਣ ਦਾ ਪੂਰਾ ਪਰਬੰਧ ਹੈ

ਕਲਾਸ 4 ਡਰਾਈਵਰ ਦੀ ਵੀ ਜ਼ਰੂਰਤ ਹੈ
ਕਾਲ ਕਰੋ:
1 250 319 7263

Advice from someone you trust.
Life's brighter under the sun
Sun Life

Life & Health Insurance • Critical Illness Insurance • Disability Insurance
Employee Benefits • RESP • TFSA• RRSP • Mutual Funds




**Harvinder Singh***
587-574-0029
harvinder.h.singh@sunlife.com

*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies. © Sun Life Assurance Company of Canada, 2023.




# ਚੰਬੇ ਦੀਏ ਬੰਦ ਕਲੀਏ-3

-ਵਾਰਿਸ ਲੁਧਿਆਣਵੀ




ਜੀ.ਏ. ਫ਼ਿਲਮਜ਼ ਦੇ ਬੈਨਰ ਹੇਠ ਪ੍ਰਸਿੱਧ ਸ਼ਾਇਰ ਸੈਫ਼ੂਦੀਨ ਸੈਫ ਸਾਹਿਬ ਨੇ 1959 ਵਿੱਚ ਸੰਤਾਲੀ ਦੇ ਦਰਦ ਤੇ ਅਧਾਰਿਤ ਫਿਲਮ ਕਰਤਾਰ ਸਿੰਘ ਬਣਾਈ ਜੋ 18 ਜੂਨ 1959 ਨੂੰ ਪ੍ਰਦਰਸ਼ਿਤ ਹੋਈ । ਇਸ ਦੇ ਸੰਗੀਤ ਨਿਰਦੇਸ਼ਕ ਹਨ ਸਲੀਮ ਇਕਬਾਲ । ਵਾਰਿਸ ਸ਼ਾਹ ਦੇ ਕਲਾਮ ਦੇ ਨਾਲ ਨਾਲ ਅੰਮ੍ਰਿਤਾ ਪ੍ਰੀਤਮ, ਖੁਦ ਸੈਫ਼ੂਦੀਨ ਸੈਫ, ਇਸਮਾਈਲ ਮਤਵਾਲਾ ਦੇ ਨਾਲ ਨਾਲ ਕਰਤਾਰ ਸਿੰਘ ਵਿੱਚ ਵਾਰਿਸ ਲੁਧਿਆਣਵੀ ਦੇ ਗੀਤ ਵੀ ਸ਼ਾਮਿਲ ਕੀਤੇ ਗਏ । ਕਰਤਾਰ ਸਿੰਘ ਵਿਚ ਵਾਰਿਸ ਲੁਧਿਆਣਵੀ ਦੀ ਲਿਖੀ ਘੋੜੀ ਹਰ ਘਰ ਵਿੱਚ ਮੁੰਡੇ ਦੇ ਵਿਆਹ ’ਤੇ ਅੱਜ ਤੱਕ ਗਾਈ ਜਾਂਦੀ ਹੈ, ਜੋ ਲੋਕ-ਗੀਤ ਜਿੱਡਾ ਰੁਤਬਾ ਹਾਸਲ ਕਰ ਚੁੱਕੀ ਹੈ ਦੇਸਾਂ ਦਾ ਰਾਜਾ, ਮੇਰੇ ਬਾਬਲ ਦਾ ਪਿਆਰਾ ਅੰਮੜੀ ਦੇ ਦਿਲ ਦਾ ਸਹਾਰਾ, ਨੀ ਵੀਰ ਮੇਰਾ ਘੋੜੀ ਚੜ੍ਹਿਆ ਸੋਨੇ ਦੀਆਂ ਤਾਰਾਂ ਦਾ ਸੇਹਰਾ ਜਦ ਲਾਇਆ ਵੀਰ ਮੇਰੇ ਦਾ ਹੋਇਆ ਰੂਪ ਸਵਾਇਆ ਝੱਲਿਆ ਨਾ ਜਾਏ ਲਿਸ਼ਕਾਰਾ, ਨੀ ਵੀਰ ਮੇਰਾ ਘੋੜੀ ਚੜ੍ਹਿਆ ਨੱਚ ਨੱਚ ਅੱਜ ਮੇਰਾ ਦਿਲ ਨਹੀਓ ਰੱਜਦਾ ਤੱਕ ਤੱਕ ਆਸਾਂ ਆਇਆ ਦਿਨ ਸਈਓ ਅੱਜ ਦਾ ਜਗ ਮਗ ਕਰੇ ਵੇਹੜਾ ਸਾਰਾ, ਨੀ ਵੀਰ ਮੇਰਾ ਘੋੜੀ ਚੜ੍ਹਿਆ ਰਾਹ ਦੇ ਵਿੱਚ ਖੜ੍ਹੀ ਤੇਰੇ ਬਾਬੁਲ ਦੀ ਜਾਈ ਦੇ ਜਾ ਵੇ ਦੇ ਜਾ ਵੀਰਾ ਵਾਗ ਫੜਾਈ ਵੱਸਦਾ ਰਵ੍ਹੇ ਤੇਰਾ ਦਵਾਰਾ, ਨੀ ਵੀਰ ਮੇਰਾ ਘੋੜੀ ਚੜ੍ਹਿਆ ਰਿਕਾਰਡ ਦਾ ਲੜੀ ਨੰਬਰ- H.M.V. EKCC 5000 ਕੰਪਨੀ - ਈ.ਐਮ.ਆਈ.ਕਰਾਚੀ ਪਾਕਿਸਤਾਨ ਗੀਤਕਾਰ - ਵਾਰਿਸ ਲੁਧਿਆਣਵੀ / ਸੰਗੀਤ - ਸਲੀਮ ਇਕਬਾਲ ਆਵਾਜ਼- ਨਸੀਮ ਬੇਗਮ ਤੇ ਸਾਥਣਾਂ / ਫਿਲਮ - ਕਰਤਾਰ ਸਿੰਘ 1959 1960 ਨੂੰ ਹਯਾਤ ਫ਼ਿਲਮਜ਼ ਕੰਪਨੀ ਦੀ ਫਿਲਮ ਮਿੱਟੀ ਦੀਆਂ ਮੂਰਤਾਂ ਆਈ । ਇਸ ਦੇ ਸੰਗੀਤ ਨਿਰਦੇਸ਼ਕ ਹਨ ਬਾਬਾ ਗੁਲਾਮ ਅਹਿਮਦ ਚਿਸ਼ਤੀ । ਮਿੱਟੀ ਦੀਆਂ ਮੂਰਤਾਂ ਦੇ ਗੀਤ ਬਾਬਾ ਚਿਸ਼ਤੀ, ਅਹਿਮਦ ਰਾਹੀ, ਤੇ ਤੁਫੈਲ ਹੁਸ਼ਿਆਰਪੁਰੀ ਨੇ ਲਿਖੇ । ਪਰ ਇਸਦਾ ਟਾਈਟਲ ਗੀਤ ਵਾਰਿਸ ਲੁਧਿਆਣਵੀ ਨੇ ਹੀ ਲਿਖਿਆ ਜਿਸਦੇ ਬੋਲ ਹਨ ।

ਦਿਲਾਂ ਦੀਆਂ ਮੈਲੀਆਂ ਨੇ ਚੰਨ ਜਹੀਆਂ ਸੂਰਤਾਂ ਇਹਨਾਂ ਕੋਲੋਂ ਚੰਗੀਆਂ ਨੇ ਮਿੱਟੀ ਦੀਆਂ ਮੂਰਤਾਂ ਸੋਨੇ ਨਾਲ ਪਿਆਰ ਦੇ ਇਹ ਮੋਤੀ ਤੋਲ ਦਿੰਦੀਆਂ ਹਾਸਿਆਂ ’ਚ ਗ਼ਮਾਂ ਦਾ ਇਹ ਜ਼ਹਿਰ ਘੋਲ ਦਿੰਦੀਆਂ ਪਿਆਰ ਤੋਂ ਵੀ ਪਿਆਰੀਆਂ ਨੇ ਇਹਨਾਂ ਨੂੰ ਜ਼ਰੂਰਤਾਂ ਇਹਨਾਂ ਨਾਲੋਂ ਚੰਗੀਆਂ ਨੇ ਮਿੱਟੀ ਦੀਆਂ ਮੂਰਤਾਂ ਕਾਗਜ਼ਾਂ ਦੇ ਫੁੱਲਾਂ ਵਾਂਗੂੰ ਝੂਠੇ ਹਾਸੇ ਹੱਸ ਕੇ ਰੋਗੀ ਕਰ ਜਾਂਦੀਆਂ ਨੇ ਜ਼ਿੰਦਗੀ ਨੂੰ ਡੱਸ ਕੇ ਭੋਲੇ ਭਾਲੇ ਨੈਣਾਂ ’ਚ ਲੱਖਾਂ ਨੇ ਕਰੂਰਤਾਂ ਇਹਨਾਂ ਨਾਲੋਂ ਚੰਗੀਆਂ ਨੇ ਮਿੱਟੀ ਦੀਆਂ ਮੂਰਤਾਂ ਕੰਡਿਆਂ ਦੀ ਸੂਲੀ ਉੱਤੇ ਯਾਰਾਂ ਨੂੰ ਚੜ੍ਹਾ ਕੇ ਯਾਰੀ ਤੋੜ ਜਾਂਦੀਆਂ ਨੇ ਝੂਠੀ ਸੌਂਹ ਖਾਕੇ ਝੂਠ ਤੇ ਫਰੇਬ ਦਾ ਸਬੂਤ ਨੇ ਇਹ ਸੂਰਤਾਂ ਇਹਨਾਂ ਨਾਲੋਂ ਚੰਗੀਆਂ ਨੇ ਮਿੱਟੀ ਦੀਆਂ ਮੂਰਤਾਂ ਇਸੇ ਗੀਤ ਦਾ ਦੂਸਰਾ ਹਿੱਸਾ ਦੱਸ ਦਿਲਾ ਕਿਵੇਂ ਅਸੀਂ ਜ਼ਿੰਦਗੀ ਗੁਜ਼ਾਰੀਏ ਪਿਆਰ ਵਾਲੀ ਜਿੱਤੀ ਹੋਈ ਬਾਜੀ ਕਿਵੇਂ ਹਾਰੀਏ ਮਾਹੀ ਨੂੰ ਮਨਾਉਣ ਦੀਆਂ ਰਹੀਆਂ ਨਹੀਂਉਂ ਸੂਰਤਾਂ ਇਹਨਾਂ ਨਾਲੋਂ ਚੰਗੀਆਂ ਨੇ ਮਿੱਟੀ ਦੀਆਂ ਮੂਰਤਾਂ ਸੱਜਣਾਂ ਨੂੰ ਦਿਲ ਅਸਾਂ ਚੀਰ ਕੇ ਵਿਖਾ ਲਿਆ ਜਿਹੜਾ ਉਹਨਾਂ ਗਮ ਦਿੱਤਾ ਸੀਨੇ ਨਾਲ ਲਾ ਲਿਆ

ਸਾਡੀਆਂ ਵਫਾਵਾਂ ਨੂੰ ਕਹਿੰਦੇ ਉਹ ਕਰੂਰਤਾਂ ਇਹਨਾਂ ਨਾਲੋਂ ਚੰਗੀਆਂ ਨੇ ਮਿੱਟੀ ਦੀਆਂ ਮੂਰਤਾਂ ਹੁਣ ਸਾਡੇ ਲੇਖਾਂ ਵਿੱਚ ਹੰਝੂ ਨੇ ਤੇ ਹਾਵਾਂ ਨੇ ਅਸੀਂ ਮਰ ਜਾਈਏ ਇਹੋ ਸਾਡੀਆਂ ਦੁਆਵਾਂ ਨੇ ਮੋਇਆਂ ਵਾਂਗੂੰ ਜੀਣ ਦੀਆਂ ਸਾਨੂੰ ਨਹੀਂ ਜ਼ਰੂਰਤਾਂ ਇਹਨਾਂ ਨਾਲੋਂ ਚੰਗੀਆਂ ਨੇ ਮਿੱਟੀ ਦੀਆਂ ਮੂਰਤਾਂ

ਰਿਕਾਰਡ ਦਾ ਲੜੀ ਨੰਬਰ- ਕੋਲੰਬੀਆ EKCC 5110 ਕੰਪਨੀ - ਈ.ਐਮ.ਆਈ.ਕਰਾਚੀ ਪਾਕਿਸਤਾਨ ਗੀਤਕਾਰ - ਵਾਰਿਸ ਲੁਧਿਆਣਵੀ / ਸੰਗੀਤ - ਜੀ. ਏ. ਚਿਸ਼ਤੀ ਆਵਾਜ਼ਾਂ - ਆਸਿਫ ਖਾਨ ਅਤੇ ਨਾਹਿਦ ਨਿਆਜ਼ੀ ਫਿਲਮ - ਮਿੱਟੀ ਦੀਆਂ ਮੂਰਤਾਂ 1960 18 ਫਰਵਰੀ 1966 ਨੂੰ ਸ਼ਾਹੀਨ ਫ਼ਿਲਮਜ਼ ਕੰਪਨੀ ਦੀ ਫਿਲਮ ਮਾਝੇ ਦੀ ਜੱਟੀ ਆਈ । ਇਸ ਫਿਲਮ ਦੇ ਸੰਗੀਤਕਾਰ ਹਨ ਤੁਫ਼ੇਲ ਫਾਰੂਕੀ । ਮਾਝੇ ਦੀ ਜੱਟੀ ਵਿੱਚੋਂ ਨਸੀਮ ਬੇਗਮ ਦੀ ਆਵਾਜ਼ ਵਿੱਚ ਵਾਰਿਸ ਲੁਧਿਆਣਵੀ ਦਾ ਗੀਤ ਟਾਂਗਾ ਆ ਗਿਆ ਕਚਿਹਰੀਓਂ ਖਾਲੀ, ਸੱਜਣਾਂ ਨੂੰ ਕੈਦ ਬੋਲਗੀ ਰਾਹਵਾਂ ਸੁੰਨੀਆਂ ਦੇਣ ਦਿਖਾਲੀ,

ਸੱਜਣਾਂ ਨੂੰ ਕੈਦ ਬੋਲਗੀ ਤਾਅਨੇ ਦੇਣਗੇ ਸ਼ਰੀਕ ਜਦ ਤੇਰੇ,
ਮੈਂ ਕੱਲੀ ਬਹਿਕੇ ਰੋਇਆ ਕਰਾਂਗੀ
ਮੈਂ ਵੇਖ ਵੇਖ ਕਾਲੀਆਂ ਘਟਾਵਾਂ ਜ਼ੁਲਫ਼ਾਂ ਨੂੰ ਖੋਇਆ ਕਰਾਂਗੀ ਟਾਂਗਾ ਆ ਗਿਆ ਕਚਿਹਰੀਓਂ ਖਾਲੀ, ਸੱਜਣਾਂ ਨੂੰ ਕੈਦ ਬੋਲਗੀ ਅੱਜ ਰੋਂਦੀਆਂ ਪਿੱਪਲ ਦੀਆਂ ਛਾਵਾਂ, ਹਾਲ ਮੇਰਾ ਤੱਕ ਤੱਕ ਕੇ ਹਉਕੇ ਭਰਦੀਆਂ ਨਾਲ ਹਵਾਵਾਂ,

ਘੁੰਡ ਮੇਰਾ ਚੱਕ ਚੱਕ ਕੇ
ਟਾਂਗਾ ਆ ਗਿਆ ਕਚਿਹਰੀਓਂ ਖਾਲੀ,
ਸੱਜਣਾਂ ਨੂੰ ਕੈਦ ਬੋਲਗੀ
ਲਾਲੀ ਮੇਰੀਆਂ ਗੱਲ੍ਹਾਂ ਦੀ ਚੰਨ ਮੱਖਣਾ,
ਗ਼ਮਾਂ ਵਿੱਚ ਲੁੱਕ ਜਾਵੇਗੀ
ਤੇਰੀ ਕੈਦ ਮੁੱਕਣ ਤੋਂ ਪਹਿਲਾਂ,
ਜਿੰਦ ਮੇਰੀ ਮੁੱਕ ਜਾਵੇਗੀ
ਟਾਂਗਾ ਆ ਗਿਆ ਕਚਿਹਰੀਓਂ ਖਾਲੀ,
ਸੱਜਣਾਂ ਨੂੰ ਕੈਦ ਬੋਲਗੀ

ਰਿਕਾਰਡ ਦਾ ਲੜੀ ਨੰਬਰ- H.M.V. EKCC 5014 ਕੰਪਨੀ - ਈ.ਐਮ.ਆਈ.ਕਰਾਚੀ ਪਾਕਿਸਤਾਨ ਗੀਤਕਾਰ - ਵਾਰਿਸ ਲੁਧਿਆਣਵੀ / ਫਿਲਮ - ਮਾਝੇ ਦੀ ਜੱਟੀ 1966 ਸੰਗੀਤ - ਸਲੀਮ ਇਕਬਾਲ / ਆਵਾਜ਼ - ਨਸੀਮ ਬੇਗਮ 16 ਫਰਵਰੀ 1968 ਨੂੰ ਨਿਰਮਾਤਾ ਅਕਬਰ ਇਰਾਨੀ ਨੇ ਅਸਲਮ ਇਰਾਨੀ ਦੀ ਨਿਰਦੇਸ਼ਨਾ ਵਿੱਚ ਲਵਲੀ ਪਿਕਚਰਜ਼ ਦੇ ਬੈਨਰ ਹੇਠ ਬਾਬਲ ਦਾ ਵਿਹੜਾ ਰੀਲੀਜ਼ ਕੀਤੀ । ਇਸਦੇ ਸੰਗੀਤ ਨਿਰਦੇਸ਼ਕ ਹਨ ਬਾਬਾ ਗੁਲਾਮ ਅਹਿਮਦ ਚਿਸ਼ਤੀ । ਇਸ ਵਿੱਚ ਵਾਰਿਸ ਲੁਧਿਆਣਵੀ ਦਾ ਲਿਖਿਆ ਧੀਆਂ ਦਾ ਦਰਦ ਬਿਆਨਦਾ ਗੀਤ ਮਾਸੂਦ ਰਾਣਾ ਦੀ ਆਵਾਜ਼ ਵਿੱਚ ਰਿਕਾਰਡ ਹੋਇਆ -

ਲੁੱਟ ਗਿਆ ਅੱਜ ਬਾਬਲ ਦਾ ਵੇਹੜਾ
ਤੇ ਡਾਕੂ ਬਣ ਗਿਆ ਦਾਜ
ਸੂਲਾਂ ਬਣਕੇ ਝੋਲੀ ਪੈ ਗਏ
ਝੂਠੇ ਰਸਮ ਰਿਵਾਜ
ਇਕ ਧੀ ਲੇਖਾਂ ਹਾਰੀ, ਕਿਵੇਂ ਰੋਂਦੀ ਏ ਵਿਚਾਰੀ
ਇਹਦੇ ਹੰਝੂ ਤੈਨੂੰ ਕਰਦੇ ਸਵਾਲ ਮਾਲਕਾ
ਧੀਆਂ ਦਿੱਤੀਆਂ ਤੇ ਕਿਉਂ ਨਾ ਦਿੱਤਾ ਮਾਲ ਮਾਲਕਾ
ਲਾਹ ਦੇ ਸੂਹਾ ਜੋੜਾ, ਇਹੋ ਤਕਦੀਰ ਤੈਨੂੰ ਕਹਿੰਦੀ
ਫੂਕ ਸੁੱਟ ਅੱਗ ਲਾਕੇ, ਨੀ ਤੂੰ ਸ਼ਗਨਾਂ ਦੀ ਮਹਿੰਦੀ
ਇੱਥੇ ਆਖੇ ਤੈਨੂੰ ਕਿਹੜਾ, ਇਨਸਾਫ ਨਹੀਓਂ ਤੇਰਾ
ਜਿਹੜੀ ਦੁਨੀਆਂ ਨੇ ਕੀਤੀ ਇਹਦੇ ਨਾਲ ਮਾਲਕਾ
ਧੀਆਂ ਦਿੱਤੀਆਂ ਤੇ ਕਿਉਂ ਨਾ ਦਿੱਤਾ ਮਾਲ ਮਾਲਕਾ
ਸ਼ਾਲਾ ਜੱਗ ਤੇ ਨਾ ਹੋਵੇ ਕੋਈ ਭੈਣ ਇਹੋ ਜਈ
ਜਿਹੜੀ ਦੁੱਖ ਬਣ ਜਾਵੇ, ਭੈਣਾਂ ਸਕੀਆਂ ਦੇ ਲਈ
ਹੁਣ ਦੇਹ ਨਾ ਸਜ਼ਾਵਾਂ, ਖੋਹਲ ਮੌਤ ਦੀਆਂ ਬਾਹਵਾਂ
ਇੱਥੇ ਜੀਣਾ ਡਾਹਢਾ ਹੋ ਗਿਆ ਮੁਹਾਲ ਮਾਲਕਾ
ਧੀਆਂ ਦਿੱਤੀਆਂ ਤੇ ਕਿਉਂ ਨਾ ਦਿੱਤਾ ਮਾਲ ਮਾਲਕਾ

ਰਿਕਾਰਡ ਦਾ ਲੜੀ ਨੰਬਰ ਕੋਲੰਬੀਆ 7KCC 5089
ਕੰਪਨੀ - ਈ.ਐਮ.ਆਈ. ਕਰਾਚੀ ਪਾਕਿਸਤਾਨ
ਗੀਤਕਾਰ - ਵਾਰਿਸ ਲੁਧਿਆਣਵੀ / ਫਿਲਮ - ਬਾਬਲ ਦਾ ਵਿਹੜਾ 1968




ਸੰਗੀਤ - ਬਾਬਾ ਗੁਲਾਮ ਅਹਿਮਦ ਚਿਸ਼ਤੀ
ਆਵਾਜ਼ - ਮਾਸੂਦ ਰਾਣਾ
ਬਾਬਲ ਦਾ ਵਿਹੜਾ ਵਿੱਚੋਂ ਹੀ ਨਸੀਮ ਬੇਗਮ ਦੀ ਆਵਾਜ਼ ਵਿੱਚ ਵਾਰਿਸ ਲੁਧਿਆਣਵੀ ਦਾ ਇਕ ਹੋਰ ਖ਼ੂਬਸੂਰਤ ਗੀਤ
ਕਿਸੇ ਦਾ ਮੁੰਡਾ ਕਿਸੇ ਦੀ ਧੀ, ਵਾਹ ਨੀ ਮੁਹੱਬਤੇ ਕੀਤਾ ਕੀ
ਇਕ ਦੂਜੇ ਨੂੰ ਤੱਕਿਆਂ ਬਾਝੋਂ, ਦੋਵਾਂ ਦਾ ਨੀ ਲਗਦਾ ਜੀਅ
ਤੈਨੂੰ ਪਤਾ ਏ ਮੈਂ ਕਿੰਨਾ ਸ਼ਰਮਾਈ ਸਾਂ
ਜਦੋਂ ਚੋਰੀ ਚੋਰੀ ਤੇਰੇ ਕੋਲ ਆਈ ਸਾਂ
ਹੁਣ ਕਿੱਥੇ ਉਹ ਸ਼ਰਮਾਂ ਸੰਗਾਂ, ਸਮਝ ਨਾ ਆਵੇ ਸੌਂਹ ਰੱਬ ਦੀ ਕਿਸੇ ਦਾ ਮੁੰਡਾ ਕਿਸੇ ਦੀ ਧੀ ਵਾਹ ਨੀ ਮੁਹੱਬਤੇ ਕੀਤਾ ਕੀ ਉਹ ਵੀ ਵੇਲਾ ਸੀ ਕਹਿੰਦੀ ਸਾਂ ਮੈਂ ਤੈਨੂੰ ਤੂੰ ਵੇ
ਕਦੀ ਗੱਲ ਨਹੀਂ ਸੀ ਕੀਤੀ ਸਿੱਧੇ ਮੂੰਹ ਵੇ
ਹੁਣ ਖਬਰੇ ਕੀ ਹੋ ਗਿਆ ਮੈਨੂੰ, ਕਹਿਣੀਆਂ ਤੈਨੂੰ ਮੈਂ ਕਿਹਾ ਜੀ
ਕਿਸੇ ਦਾ ਮੁੰਡਾ ਕਿਸੇ ਦੀ ਧੀ ਵਾਹ ਨੀ ਮੁਹੱਬਤੇ ਕੀਤਾ ਕੀ
ਸਾਡੇ ਦਿਲ ਇਕ ਦੂਜੇ ਵਿਚ ਖੁੱਭ ਗਏ
ਅਸੀਂ ਸੱਧਰਾਂ ਦੀ ਮਸਤੀ ’ਚ ਡੁੱਬ ਗਏ
ਪਿਆਰ ’ਚ ਮੈਂ ਆਂ ਠਾਰਾਂ ਉੱਨੀ, ਤੂੰ ਏਂ ਸੱਜਣਾਂ ਵੀਹ
ਕਿਸੇ ਦਾ ਮੁੰਡਾ ਕਿਸੇ ਦੀ ਧੀ, ਵਾਹ ਨੀ ਮੁਹੱਬਤੇ ਕੀਤਾ ਕੀ

ਰਿਕਾਰਡ ਦਾ ਲੜੀ ਨੰਬਰ ਕੋਲੰਬੀਆ 7KCC 5087
ਕੰਪਨੀ - ਈ.ਐਮ.ਆਈ.ਕਰਾਚੀ ਪਾਕਿਸਤਾਨ
ਗੀਤਕਾਰ - ਵਾਰਿਸ ਲੁਧਿਆਣਵੀ
ਸੰਗੀਤ - ਬਾਬਾ ਗੁਲਾਮ ਅਹਿਮਦ ਚਿਸ਼ਤੀ
ਆਵਾਜ਼ - ਨਸੀਮ ਬੇਗਮ / ਫਿਲਮ - ਬਾਬਲ ਦਾ ਵਿਹੜਾ 1968
ਨਿਰਮਾਤਾ ਮੁਹੰਮਦ ਸ਼ਰੀਫ਼ ਨੇ ਲੀਸ਼ਾ ਪ੍ਰੋਡਕਸ਼ਨ ਦੇ ਬੈਨਰ ਹੇਠ 19 ਅਪ੍ਰੈਲ
1968 ਨੂੰ ਉਪਗੜੀ ਸੰਭਾਲ ਜੱਟਾ” ਫਿਲਮ ਜਾਰੀ ਕੀਤੀ । ਇਸ ਦੇ ਸੰਗੀਤਕਾਰ
ਹਨ ਤੁਫੇਲ ਫਾਰੂਕੀ । ਪਗੜੀ ਸੰਭਾਲ ਜੱਟਾ ਵਿੱਚੋਂ ਮਲਕਾ ਏ ਤਰੰਨੁਮ ਨੂਰਜਹਾਂ ਦੀ ਆਵਾਜ਼ ਵਿੱਚ ਵਾਰਿਸ ਲੁਧਿਆਣਵੀ ਦਾ ਗੀਤ- ਰੱਬਾ ਇਹਦੇ ਨਾਲੋਂ ਮੌਤ ਸੁਖਾਣੀ ਵਿਛੋੜਾ ਮੁੱਕੇ ਸੱਜਣਾਂ ਦਾ ਕਹਿੰਦੇ ਰੋ ਰੋ ਨੈਣ ਸਵਾਲੀ, ਵਿਛੋੜਾ ਮੁੱਕੇ ਸੱਜਣਾਂ ਦਾ ।

ਹਾਵਾਂ ਦੇ ਭਾਂਬੜ ਸੀਨੇ ਵਿੱਚ ਲਾ ਕੇ,
ਦਿਲ ਦਿਆਂ ਜ਼ਖਮਾਂ ਦੇ ਦੀਵੇ ਜਗਾ ਕੇ
ਸਾਡੇ ਲੂੰ ਲੂੰ ਨੇ ਅੱਗ ਬਾਲੀ,
ਵਿਛੋੜਾ ਮੁੱਕੇ ਸੱਜਣਾਂ ਦਾ
ਸੱਜਣਾਂ ਮੈਂ ਤੇਰੇ ਲਈ ਜੇ ਮਰ ਜਾਵਾਂ,
ਰੱਬ ਦੀ ਸੌਂਹ ਰੱਬ ਦਾ ਮੈਂ ਸ਼ੁਕਰ ਮਨਾਵਾਂ
ਲੋਕੀ ਕਹਿਣਗੇ ਤੇ ਸਹੀ ਲੱਜ ਪਾਲੀ,
ਵਿਛੋੜਾ ਮੁੱਕੇ ਸੱਜਣਾਂ ਦਾ
ਰੱਬਾ ਤੂੰ ਤੇ ਸਭਨਾਂ ਨੂੰ ਇਕ ਸੀ ਬਣਾਇਆ,
ਵੱਡਿਆਂ ਤੇ ਛੋਟਿਆਂ ਦਾ ਵੈਰ ਕੀਹਨੇ ਪਾਇਆ
ਤੂੰ ਤੇ ਸਭਨਾਂ ਦਾ ਇਕੋ ਜਿਹਾ ਵਾਲੀ, ਵਿਛੋੜਾ ਮੁੱਕੇ ਸੱਜਣਾਂ ਦਾ

ਰਿਕਾਰਡ ਦਾ ਲੜੀ ਨੰਬਰ ਏਂਜਲਜ਼ - 7KCC 5109
ਕੰਪਨੀ - ਈ.ਐਮ.ਆਈ.ਕਰਾਚੀ ਪਾਕਿਸਤਾਨ
ਗੀਤਕਾਰ - ਵਾਰਿਸ ਲੁਧਿਆਣਵੀ / ਫਿਲਮ - ਪਗੜੀ ਸੰਭਾਲ ਜੱਟਾ 1968
ਸੰਗੀਤਕਾਰ - ਤੁਫੇਲ ਫਾਰੂਕੀ / ਆਵਾਜ਼ - ਨੂਰਜਹਾਂ
ਨਿਰਮਾਤਾ ਸ਼ੇਖ ਨਜ਼ੀਰ ਹੁਸੈਨ ਨੇ ਨਜ਼ੀਰ ਫ਼ਿਲਮਜ਼ ਦੇ ਬੈਨਰ ਹੇਠ 16
ਅਕਤੂਬਰ 1970 ਨੂੰ ਫਿਲਮ ”ਚੰਨ ਪੁੱਤਰ” ਰੀਲੀਜ਼ ਕੀਤੀ । ਇਸ ਦੇ ਸੰਗੀਤਕਾਰ ਹਨ ਬਾਬਾ ਗੁਲਾਮ ਅਹਿਮਦ ਚਿਸ਼ਤੀ । ਚੰਨ ਪੁੱਤਰ ਵਿੱਚੋਂ ਨਸੀਮ ਬੇਗਮ ਦੀ ਆਵਾਜ਼ ਵਾਰਿਸ ਲੁਧਿਆਣਵੀ ਦਾ ਸਦਾ ਬਹਾਰ ਗੀਤ ਸਾਨੂੰ ਵੀ ਲੈ ਚੱਲ ਨਾਲ ਵੇ, ਬਾਊ ਸੋਹਣੀ ਗੱਡੀ ਵਾਲਿਆ ਮਾਰ ਕੇ ਬਹਿ ਗਈ ਛਾਲ ਵੇ, ਬਾਊ ਸੋਹਣੀ ਗੱਡੀ ਵਾਲਿਆ ਸੁਣ ਕੇ ਆਪਣੀ ਮਾਂ ਦੀਆਂ ਗੱਲਾਂ

ਦਿਲ ਮੇਰੇ ਵਿਚ ਉੱਠੀਆਂ ਛੱਲਾਂ
ਹੋ ਗਈ ਲਾਲੋ ਲਾਲ ਵੇ,
ਬਾਊ ਸੋਹਣੀ ਗੱਡੀ ਵਾਲਿਆ
ਬਾਊ ਜੀ ਜੇ ਗੱਲ ਹੁੰਦੀ ਮੇਰੇ ਵੱਸ ਦੀ
ਇੰਝ ਤੇਰੇ ਪਿੱਛੇ ਪਿੱਛੇ ਕਦੇ ਨਾ ਨੱਸਦੀ
ਇਸ਼ਕੇ ਨੇ ਕੀਤਾ ਬੁਰਾ ਹਾਲ ਵੇ, ਬਾਊ ਸੋਹਣੀ ਗੱਡੀ ਵਾਲਿਆ
ਇਹ ਤਾਂ ਵਾਅਦਾ ਮੱਲਾ ਕਰਕੇ ਜਾਵੀਂ
ਛੇਤੀ ਖੁਸ਼ੀਆਂ ਦੀ ਖ਼ਬਰ ਪੁਚਾਵੀਂ
ਹੱਥ ਬੰਨ੍ਹ ਮੇਰਾ ਈ ਸਵਾਲ ਵੇ, ਬਾਊ ਸੋਹਣੀ ਗੱਡੀ ਵਾਲਿਆ
ਸਾਨੂੰ ਵੀ ਲੈ ਚੱਲ ਨਾਲ ਵੇ ਬਾਊ ਸੋਹਣੀ ਗੱਡੀ ਵਾਲਿਆ

ਰਿਕਾਰਡ ਦਾ ਲੜੀ ਨੰਬਰ ਕੋਲੰਬੀਆ 7KCC 5378
ਕੰਪਨੀ - ਈ.ਐਮ.ਆਈ. ਕਰਾਚੀ ਪਾਕਿਸਤਾਨ
ਗੀਤਕਾਰ - ਵਾਰਿਸ ਲੁਧਿਆਣਵੀ / ਸੰਗੀਤ - ਜੀ.ਏ. ਚਿਸ਼ਤੀ
ਆਵਾਜ਼ - ਨਸੀਮ ਬੇਗਮ / ਫਿਲਮ - ਚੰਨ ਪੁੱਤਰ 1970
26 ਮਾਰਚ 1971 ਨੂੰ ਜੀਨਤ ਸਾਈਨ ਕੋ ਪ੍ਰੋਡਕਸ਼ਨ ਕੰਪਨੀ ਦੀ ਫਿਲਮ ਹੱਦਬੰਦੀ ਰੀਲੀਜ਼ ਹੋਈ ਇਸਦੇ ਸੰਗੀਤਕਾਰ ਹਨ ਤੁਫੇਲ ਫਾਰੂਕੀ । ਹੱਦਬੰਦੀ ਵਿੱਚੋਂ ਨੂਰਜਹਾਂ ਦੀ ਆਵਾਜ਼ ਵਿੱਚ ਵਾਰਿਸ ਲੁਧਿਆਣਵੀ ਦਾ ਗੀਤ - ਦਿਲ ਕਰੇ ਅੱਜ ਨੱਚਾਂ ਉੱਚੀ ਬਾਂਹ ਕਰਕੇ ਸਾਰੇ ਪਿੰਡ ਦਾ ਤੂੰ ਆਇਐਂ ਉੱਚਾ ਨਾਂਅ ਕਰਕੇ ਤੇਰੀ ਜਿੱਤ ਦਾ ਏ ਚੰਨਾ ਐਨਾ ਮੈਨੂੰ ਮਾਣ ਵੇ ਤੁਰਾਂ ਸ਼ੇਰਨੀ ਦੇ ਵਾਂਗ ਸੀਨਾ ਤਾਣ ਤਾਣ ਵੇ ਮੈਥੋਂ ਤੱਕਿਆ ਨਾ ਜਾਵੇ ਅੱਖਾਂ ਠਾਂਹ ਕਰਕੇ ਸਾਰੇ ਪਿੰਡ ਦਾ ਤੂੰ ਆਇਐਂ ਉੱਚਾ ਨਾਂਅ ਕਰਕੇ ਕਰਾਂ ਤੇਰੇ ਨਾਲ, ਰੱਜ ਰੱਜ ਗੱਲਾਂ ਤੇਰੀਆਂ ਸੌਂਹ ਰੱਬ ਦੀ ਵੇ ਹੁਣ ਇਹੋ ਰੀਝਾਂ ਮੇਰੀਆਂ ਤੈਨੂੰ ਵੇਖੀ ਜਾਵਾਂ ਜ਼ੁਲਫ਼ਾਂ ਦੀ ਛਾਂ ਕਰਕੇ ਸਾਰੇ ਪਿੰਡ ਦਾ ਤੂੰ ਆਇਐਂ ਉੱਚਾ ਨਾਂਅ ਕਰਕੇ ਸੁਣ ਮੇਰੇ ਨਾਲ ਸੱਚੇ ਇਕਰਾਰ ਕਰੀਂ ਵੇ ਇਹਨਾਂ ਇਸ਼ਕਾਂ ਦੇ ਪੱਤਣਾਂ ਤੇ ਨਾਲ ਨਾਲ ਤਰੀਂ ਵੇ
ਪਿਛਾਂਹ ਮੁੜੀਂ ਨਾ ਤੂੰ, ਬੇੜੀ ਨੂੰ ਅਗਾਂਹ ਕਰਕੇ ਸਾਰੇ ਪਿੰਡ ਦਾ ਤੂੰ ਆਇਐਂ ਉੱਚਾ ਨਾਂਅ ਕਰਕੇ ਰਿਕਾਰਡ ਦਾ ਲੜੀ ਨੰਬਰ ਕੋਲੰਬੀਆ 7KCC 5359 ਕੰਪਨੀ - ਈ.ਐਮ.ਆਈ.ਕਰਾਚੀ ਪਾਕਿਸਤਾਨ ਗੀਤਕਾਰ - ਵਾਰਿਸ ਲੁਧਿਆਣਵੀ / ਸੰਗੀਤ - ਤੁਫੈਲ ਫਾਰੂਕੀ
ਆਵਾਜ਼ - ਨੂਰਜਹਾਂ / ਫਿਲਮ ਹੱਦਬੰਦੀ 1971







ਪਹਿਲਾਂ ਵਿਆਹ ਵੇਲੇ ਤਾਂਬੇ ਤੇ ਪੈਸੇ ਤੇ ਮੋਰੀ ਵਾਲੀ ਪੈਸੇ ਉਛਾਲ਼ਦੇ ਸੀ। ਫਿਰ ਪੰਜੀਆਂ ਦਸੀਆਂ ਚੁਆਨੀਆਂ ਅਠਿਆਨੀਆਂ ਆ ਗਈਆਂ। ਹੋਲ਼ੀ ਹੋਲੀ ਲੋਕ ਇੱਕ ਇੱਕ ਦੇ ਨੋਟਾਂ ਦੀ ਨਵੀਂ ਗੁੱਟੀ ਲਿਆਕੇ ਵਾਰਨ ਲੱਗ ਪਏ। ਮੇਰੇ ਮਾਤਾ ਜੀ ਨੂੰ ਨਵੇਂ ਨੋਟਾਂ ਦੀਆਂ ਗੁੱਟੀਆਂ ਇੱਕਠੀਆਂ ਕਰਨ ਦਾ ਸ਼ੌਂਕ ਸੀ। ਦੋਹਤੇ ਪੋਤੇ ਦੋਹਤੀ ਦੇ ਵਿਆਹ ਲਈ।ਪਾਪਾ ਜੀ ਇੱਕ ਦੋ ਪੰਜ ਦੀ ਗੁੱਟੀ ਲਿਆਕੇ ਮਾਤਾ ਜੀ ਨੂੰ ਦੇ ਦਿੰਦੇ। ਇੱਕ ਦੋ ਰੁਪਏ ਦੇ ਨੋਟਾਂ ਦੀ ਗੁੱਟੀ ਓਹਨਾ ਨੇ ਸੰਦੂਕ ਵਿਚ ਸੰਭਾਲਕੇ ਰੱਖੀ।

2011 ਵਿਚ ਮੇਰੀ ਭਾਣਜੀ ਦੀ ਸ਼ਾਦੀ ਸੀ। ਮਾਤਾ ਜੀ ਨੇ ਰੀਝ ਨਾਲ ਸੰਭਾਲੀ 2-2 ਦੇ ਨੋਟਾਂ ਵਾਲੀ ਗੁੱਟੀ ਵਿਆਹ ਤੇ ਜਾਂਦੇ ਸਮੇ ਨਾਲ ਲੈ ਗਏ। ਜਮਾਨਾ ਬਦਲ ਚੁੱਕਿਆ ਸੀ। ਦਸ ਦਸ ਦੇ ਨੋਟਾਂ ਤੋਂ ਘੱਟ ਕੋਈ ਵਾਰਨਾ ਨਹੀਂ ਸੀ ਕਰਦਾ। ਮੇਰੇ ਅਤੇ ਮੇਰੇ ਭਾਈ ਦੀ ਜੇਬ ਵਿੱਚ ਦਸ ਦਸ ਦੇ ਨੋਟਾਂ ਦੀਆਂ ਗੁੱਟੀਆਂ ਸਨ। ਬਾਕੀ ਬੱਚਿਆਂ ਕੋਲ ਵੀ ਦਸ ਦਸ ਦੇ ਕੜਕਦੇ ਕੜਕਦੇ ਨੋਟ ਸਨ। ਮਾਤਾ ਜੀ ਨੂੰ ਵੀ ਨਵੇਂ ਨੋਟਾਂ ਦੀ ਗੁੱਟੀ ਦਿੱਤੀ ਗਈ ਸੀ। ਜਦੋਂ ਲੇਡੀਜ਼ ਸੰਗੀਤ ਸ਼ੁਰੂ ਹੋਇਆ ਤਾਂ ਸਾਰੇ ਨੋਟ ਵਾਰਨ ਲੱਗੇ। ਅਸੀਂ ਦੋਵੇਂ ਭਰਾ ਲੜਕੀ ਦੇ ਮਾਮੇ ਸੀ ਤੇ ਨੋਟ ਵਾਰ ਰਹੇ ਸੀ। ਮਾਤਾ ਜੀ ਨੂੰ ਵੀ ਨਾਨੀ ਬਣਕੇ ਦੋਹਤੀ ਦੀ ਸ਼ਾਦੀ ਦਾ ਚਾਅ ਸੀ। ਇੱਕ ਦਮ ਮਾਤਾ ਜੀ ਨੇ ਆਪਣੇ ਪਰਸ ਵਿੱਚੋ ਘਰੋਂ ਲਿਆਂਦੀ ਦੋ ਦੋ ਦੇ ਨੋਟਾਂ ਵਾਲੀ ਗਟੀ ਕੱਢੀ ਤੇ ਨੋਟ ਵਾਰਨੇ ਸ਼ੁਰੂ ਕਰ ਦਿੱਤੇ। ਬੱਚੇ ਗੁੱਸੇ ਹੋਣ ਲੱਗੇ ਕਿ ਮਾਤਾ ਆਹ ਕੀ ਦੋ ਦੋ ਦੇ ਨੋਟ ਵਾਰ ਕੇ ਜਲੂਸ ਕੱਢੀ ਜਾਂਦੀ ਹੈ। ਸਾਨੂ ਵੀ ਲਗਿਆ ਮਾਤਾ ਜੀ ਕੰਜੂਸੀ ਕਰ ਕੇ ਸਾਰਿਆਂ ਦੀ ਬੇਜਿਤੀ ਕਰ ਰਹੇ ਹਨ। ਮੈਂ ਮਾਤਾ ਜੀ ਨੂੰ ਗੁੱਸੇ ਹੋਇਆ। ਤੇ ਦਸ ਦਸ ਦੇ ਨੋਟ ਵਾਰਨ ਲਈ ਕਿਹਾ। ਤੇ ਆਪਣੀ ਜੇਬ ਵਿੱਚੋਂ ਹੋਰ ਨੋਟ ਕੱਢ ਕੇ ਦੇ ਦਿੱਤੇ।
ਮਾਤਾ ਜੀ ਅੱਖਾਂ ਭਰ ਆਏ ਤੇ ਕਹਿੰਦੇ ਬੇਟਾ ਮੇਨੂ ਪਤਾ ਹੈ ਦੋ ਦੋ ਦੇ ਨੋਟ ਵਾਰਨੇ ਠੀਕ ਨਹੀਂ।ਪਰ ਇਹ ਨੋਟ ਤੇਰੇ ਪਾਪਾਜੀ ਲਿਆਏ ਸਨ। ਉਹਨਾਂ ਦੀ ਇੱਛਾਨੂੰ ਦੇਖਦੇਹੋਏ ਓਹਨਾ ਦੇ ਲਿਆਂਦੇ ਨੋਟ ਵਾਰਨ ਦਾ ਵੱਖਰਾ ਹੀ ਸਕੂਨ ਹੈ। ਮਾਤਾ ਜੀ ਨੇ ਅੱਖ ਵਿਚ ਆਇਆ ਹੰਝੂ ਪੂੰਝਿਆ।


ਰਮੇਸ਼ ਸੇਠੀ ਬਾਦਲ, 9876627233




## ਵਰ ਅਤੇ ਕੰਨਿਆਂ ਦੀ ਵੀ ਸੇਲ ਲੱਗਦੀ ਵੇਖੀ ਜਾ ਸਕਦੀ ਹੈ


ਮੇਰੀ ਲਿਖੀ ਬਾਤੋਂ ਕੋ ਹਰ ਕੋਈ ਸਮਝ ਨਹੀਂ ਪਾਤਾ
ਕਿਉਂਕਿ ਮੈਂ ਅਹਿਸਾਸ ਲਿਖਤਾ ਹੂੰ ਔਰ ਲੋਗ ਅਲਫ਼ਾਜ਼ ਪੜ੍ਹਤੇ ਹੈਂ (ਗੁਲਜ਼ਾਰ)

ਮੁਹੱਬਤ ਦਾ ਅਰਥ ਇੱਕ ਦੂਜੇ ਦੀ ਮਨ-ਮਿੱਟੀ ਵਿੱਚ ਉੱਗ ਪੈਣ ਨੂੰ ਕਿਹਾ ਜਾਂਦਾ ਸੀ ਪਰ ਹੁਣ ਮੁਹੱਬਤ ਜਿਹਾ ਸ਼ਬਦ ਮਾਰਕੀਟ-ਮੁੱਲਾਂ ਹਾਰ ਹੋ ਤੁਰਿਆ ਹੈ। ਹੁਣ ਮਾਸੀ ਜਾਂ ਭੂਆ ਪੂਰੇ ਦਾਅਵੇ ਨਾਲ਼ ਸਾਕ ਲੈ ਕੇ ਨਹੀਂ ਆਉਂਦੀ ਜਿਸ ਦੇ ਹੰਢਣ ਪਿੱਛੇ ਕੰਧ ਬਣਿਆ ਉਹ ਰਿਸ਼ਤਾ ਉਸਰਦਾ, ਹੰਢਾਇਆ ਅਤੇ ਨਿਭਾਇਆ ਜਾਂਦਾ ਸੀ। ਵਸਤਾਂ ਦੇ ਵਿਕਣ ਵਾਂਗ ਟੀ.ਵੀ. ਅਖ਼ਬਾਰ ਜਾਂ ਇੰਟਰਨੈੱਟ ਦੇ ਇਸ਼ਤਿਹਾਰਾਂ ਵਿੱਚ ਹੋਰਨਾਂ ਵਸਤਾਂ ਵਾਂਗ ਵਰ ਅਤੇ ਕੰਨਿਆਂ ਦੀ ਵੀ ਸੇਲ ਲੱਗਦੀ ਵੇਖੀ ਜਾ ਸਕਦੀ ਹੈ। ਸੁਣਿਆ ਹੈ ਡੰਗ-ਟਪਾਊ ਮਿੱਤਰਤਾ ਦੀ ਵੀ ਸੇਲ ਲੱਗਦੀ ਹੈ। ਜਿਵੇਂ ਹਰ ਵਸਤ ਦੀ ਚਕਾਚੌਂਧ ਨੂੰ ਵਧਾ ਚੜ੍ਹਾ ਕੇ ਬਿਆਨਿਆ, ਦਿਖਾਇਆ ਅਤੇ ਉਭਾਰਿਆ ਜਾਂਦਾ ਹੈ, ਉਸੇ ਤਰ੍ਹਾਂ ਇਸ ਬਿਆਨਬਾਜ਼ੀ ਨੂੰ ਹਰ ਕੋਈ ਇੱਕ ਬਟਾ ਦੋ ਕਰ ਕੇ ਵੇਖਣ ਵਿੱਚ ਹੀ ਸਮਝਦਾਰੀ ਮੰਨਦਾ ਹੈ। ਰਹਿੰਦੀ-ਖੂੰਹਦੀ ਕਸਰ ਟੀ.ਵੀ. ਅਤੇ ਸਭਿਆਚਾਰ ਅਰਥਾਂ ਨਾਲ਼ੋਂ ਝੜੇ ਸ਼ਬਦ ਜਾਂ ਹਕੀਕਤ ਨਾਲ਼ੋਂ ਟੁੱਟੇ ਗਾਣੇ ਹਰ ਵਕਤ ਵਜਦੇ ਹਨ, ਜਿੱਥੇ ਕਈ ਕੁੜੀਆਂ ਦੇਹੀ-ਪ੍ਰਦਰਸ਼ਨ ਕਰਦੀਆਂ ਕਾਮੁਕ ਅਦਾਵਾਂ ਨਾਲ਼ ਸਾਰੀ ਜਵਾਨ ਪੀੜ੍ਹੀ ਨੂੰ ਕਸਰਤ ਜਿਹੀ ਕਰਵਾਈ ਜਾਂਦੀਆਂ ਸੁਧ-ਬੁਧ ਭੁਲਾਈ ਜਾਂਦੀਆਂ ਹਨ। ਹਰ ਲੜਕਾ ਲੜਕੀ ਆਪਣੇ ਆਪ ਨੂੰ ਉਸੇ ਤਰਜ਼ ਅਨੁਸਾਰ ਢਾਲ਼ਦਾ ਨਜ਼ਰ ਆਉਂਦਾ ਹੈ। ਪਰ ਸਾਡੀ ਪੀੜ੍ਹੀ ਇਹ ਮੰਨਦੀ ਹੈ ਕਿ ਰੂਹ ਦੇ ਰੱਜ ਵਾਲ਼ੀ ਖ਼ੁਸ਼ੀ ਜਾਂ ਤ੍ਰਿਪਤੀ ਖਰੀਦੀ ਨਹੀਂ ਜਾਂਦੀ ਸਗੋਂ ਕਮਾਉਣੀ ਪੈਂਦੀ ਹੈ। ਮੈਂ ਸੁਣਿਆ ਹੈ ਕਈ ਜੋੜੇ ਬਿਨਾ ਵਿਆਹ ਦੀ ਰਸਮ ਤੋਂ ਹੀ ਨਿਭ ਰਹੇ ਹਨ। ਉਨ੍ਹਾਂ ਦਾ ਕੀ ਭਵਿੱਖ ਹੋ ਸਕਦਾ ਹੈ, ਇਹ ਤਾਂ ਉਹੀ ਜਾਣਦੇ ਹਨ। ਪਰ ਹੰਢਣਸਾਰ ਸਾਂਝਾਂ ਹੀ ਹੰਢਣ ਨਾਲ਼ ਖ਼ੁਸ਼ੀ ਬਟੋਰ ਸਕਦੀਆਂ ਹਨ। ਸਾਡੇ ਮਨਾਂ ਵਿੱਚ ਸਵਾਲ ਉਥਲ-ਪੁਥਲ ਹੁੰਦੇ ਹਨ ਕੀ ਇਸ ਲਿਫਾਫੇਬਾਜ਼ੀ ਵਾਲ਼ੀ ਜ਼ਿੰਦਗੀ ਨੂੰ ਅਪਨਾਉਣ ਸਮੇ ਇਹ ਲੋਕ ਬਸ ਲੰਘ ਚੱਲੇ ਪਲਾਂ ਬਾਰੇ ਹੀ ਸੋਚਦੇ ਹਨ ? ਸਾਡਾ ਅਤੀਤ, ਸਾਡਾ ਇਤਿਹਾਸ, ਸਾਡੀ ਹੁਣ ਤਕ ਦੀ ਕਾਰਗ਼ੁਜ਼ਾਰੀ ਤੇ ਕਾਟਾ ਮਾਰ ਕੇ ਕੇਵਲ ਨਿੱਜ ਨੂੰ ਹੀ ਸੁਣਨ ਵਾਲ਼ੇ ਇਹ ਲੋਕ ਹੀ ਡਿਪ੍ਰੈਸ਼ਨ ਨੂੰ ਹਾਕਾਂ ਮਾਰਦੇ ਹਨ। ਫੇਰ ਇਸ ਸਾਂਝ ਦੇ ਬਿਖਰਨ ਸਮੇ ਸਿਰ ਤੇ ਹੱਥ ਰੱਖਣ ਵਾਲ਼ਾ ਕੋਲ਼ ਕੋਈ ਨਹੀਂ ਹੁੰਦਾ। ਇਹ ਸਭ ਕਾਰਗੁਜ਼ਾਰੀ ਆਪ ਹੀ ਬੀਜੀ ਹੁੰਦੀ ਹੈ। ਜੇ ਕਦੇ ਤੁਸੀਂ ਆਪ ਹੋਰਨਾਂ ਨੂੰ ਟਿੱਚ ਕਰਕੇ ਜਾਣਦੇ ਰਹੇ ਹੋ ਤਾਂ ਲੋਕ ਵੀ ਤੁਹਾਨੂੰ ਹੌਊ ਪਰੇ ਕਰ ਛੱਡਣਗੇ। ਹੋਰਨਾਂ ਤੋਂ ਮੁਨਕਰ ਹੋ ਕੇ ਜਿਉਣਾ ਹੋਰਨਾਂ ਤੋਂ ਇਨਕਾਰੀ ਹੋਣਾ ਹੈ। ਅਸੀਂ ਸਭ ਨੇ ਇਸ ਜੱਗ ਵਿੱਚ ਵਿੱਚਰਨਾ ਹੁੰਦਾ ਹੈ। ਇਉਂ ਪਈਆਂ ਰੀਤਾਂ ਰਸਮਾਂ ਤੋਂ ਮੂੰਹ ਮੋੜਨ ਨਾਲ਼ ਅਸੀਂ ਰੂਹ ਦਾ ਰੱਜ ਨਹੀਂ ਪਾ ਸਕਦੇ। ਮਸ਼ੀਨਾਂ ਨਾਲ਼ ਮਸ਼ੀਨੀ ਜ਼ਿੰਦਗੀ ਜੀਅ ਰਹੇ ਕਈ ਲੋਕ ਪੁਰਜ਼ਿਆਂ ਜਿਹੀ ਜੂਨ ਹੰਢਾ ਰਹੇ ਹੋਰਨਾਂ ਤੋਂ ਬੇ-ਲਾਗ ਹੋ ਕੇ ਵਿੱਚਰਦੇ ਹਨ। ਉਨ੍ਹਾਂ ਅੰਦਰ ਇੱਕ ਖਲਾਅ, ਇੱਕ ਵਿੱਥ, ਇੱਕ ਮਾਰੂਥਲ ਵਿਛਾਅ ਧਰਦਾ ਹੈ। ਮੈਨੂੰ ਤਾਂ ਇਸ ਥੋੜ੍ਹ ਚਿਰੀ ਮੁਹੱਬਤ ਦੀ ਇਬਾਰਤ ਦੀ ਕਦੇ ਸਮਝ ਨਹੀਂ ਪਈ। ਅਸੀਂ ਕਿਸੇ ਇੱਕ ਦੇ ਲੇਖੇ ਲਾ ਕੇ ਨਿਭ ਜਾਣ ਵਾਲ਼ੇ ਕਿੱਸੇ ਹੀ ਸੁਣੇ ਜਾਂ ਸਮਝੇ ਹਨ। ਇਸ ਇਸ਼ਤਿਹਾਰੀ ਸਾਂਝ ਦੀ ਉਮਰ ਬਾਰੇ ਸੋਚ ਕੇ ਵੀ ਸਹਿਮ ਜਾਂਦੇ ਰਹੇ ਹਾਂ।

ਚੁਗਣੀ ਪੈ ਗਈ ਚੋਗ ਅਸਾਨੂੰ ਸੱਤ ਸਮੁੰਦਰੋਂ ਪਾਰੋਂ ਮਾਂ
ਆਪਣਿਆਂ ਬਿਨ ਰੂਹ ਤੜਪੇ ਜਿਉਂ ਕੂੰਜ ਵਿੱਛੜ ਜਾਏ ਡਾਰੋਂ ਮਾਂ
ਤੀਆਂ, ਮੇਲੇ, ਨਾ ਹਮਸਾਏ, ਨਾ ਹਮਦਰਦ ਹੈ ਕੋਈ ਵੀ
ਪਿਆਰ ਵੀ ਏਥੇ ਭਟਕੇ ਲੋਕੀ ਭਾਲਣ ਰੋਜ਼ ਬਜ਼ਾਰੋਂ ਮਾਂ। (ਸ਼ੇਖ਼ਰ)



bridgeport
CHESTERMERE
ਦੁਪਹਿਰ 1:00 ਵਜੇ ਤੋਂ ਲੈਕੇ ਸ਼ਾਮ 4:00 ਵਜੇ ਤੱਕ
ਸ਼ਨਿੱਚਰਵਾਰ 23 ਅਗਸਤ 2025
ਕਮਿਓਨਿਟੀ
ਗਰੈਂਡ ਓਪਨਿੰਗ
SHOWHOME
PHOTOS
QUALICO communities
bridgeport
ਇੱਕ ਕੁਮਿਓਨਿਟੀ
ਸਾਰੇ ਸੱਭਿਆਚਾਰਾਂ ਲਈ
23 ਅਗਸਤ ਨੂੰ, ਦੁਨੀਆ ਭਰ ਦੇ ਸੁਆਦੀ ਭੋਜਨ ਅਤੇ ਪਰਿਵਾਰ-ਅਨੁਕੂਲ ਗਤੀਵਿਧੀਆਂ ਨਾਲ ਬ੍ਰਿਜਪੋਰਟ ਦੀ ਜਿੰਦਾਦਿਲੀ ਦੇ ਜਸ਼ਨ ਮਨਾਓ। ਆਓ ਸਾਡੀ ਭਾਈਚਾਰਕ ਦਿੱਖ ਵਾਲੀ ਵਿਭਿੰਨਤਾ ਦਾ ਸਨਮਾਨ ਕਰਨ ਲਈ ਦੋਸਤਾਂ, ਪਰਿਵਾਰ ਅਤੇ ਗੁਆਂਢੀਆਂ ਨਾਲ ਇਕੱਠੇ ਹੋਵੋ।
201
Chestermere
ਚੈਸਟਰਮੇਅਰ ਦੇ ਪੱਛਮੀ ਸਿਰੇ 'ਤੇ ਸਥਿਤ, ਇਹ ਭਾਈਚਾਰਾ ਸ਼ਾਂਤ ਝੀਲਾਂ ਦੇ ਨੇੜੇ ਰਹਿਣ-ਸਹਿਣ ਅਤੇ ਸਮਕਾਲੀ ਸ਼ਹਿਰੀ ਸਹੂਲਤ ਦਾ ਇੱਕ ਵਿਲੱਖਣ ਸੰਤੁਲਨ ਪੇਸ਼ ਕਰਦਾ ਹੈ। ਬ੍ਰਿਜਪੋਰਟ ਕੈਲਗਰੀ ਸ਼ਹਿਰ ਅਤੇ ਚੈਸਟਰਮੇਅਰ ਸ਼ਹਿਰ ਦੇ ਵਿਚਕਾਰ ਇੱਕ ਪ੍ਰਵੇਸ਼ ਦੁਆਰ ਵੱਜੋਂ ਭਾਈਚਾਰੇ ਦੀ ਭੂਮਿਕਾ ਦਾ ਲਾਭ ਉਠਾਉਂਦਾ ਹੈ, ਜਦੋਂ ਕਿ ਕੁਦਰਤੀ ਆਲੇ ਦੁਆਲੇ ਨਾਲ ਆਪਣੇ ਸਬੰਧਾਂ ਨੂੰ ਮਜ਼ਬੂਤ ਕਰਦਾ ਹੈ।
LANED DUPLEXES
from the mid
$500s
LANED HOMES
from the high
$500s
FRONT GARAGE HOMES
from the mid
$700s
liveinbridgeport.com
Showhomes Opening August 23
• NuVista Homes • Shane Homes • Sterling Homes • Broadview Homes • Truman • Trico Homes
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities



# ਆਖਰੀ ਫੇਸ, ਹਮੇਸ਼ਾ ਰਹਿਣ ਵਾਲਾ ਘਰ.




**ਫੇਸ 7 ਹੁਣ ਖੁੱਲਾ ਹੈ**

ਐੈਂਬਲਟਨ ਦੇ ਜੀਵੰਤ ਉੱਤਰੀ-ਪੱਛਮੀ ਭਾਈਚਾਰੇ ਵਿੱਚ ਇਸ ਦਿਲਚਸਪ ਨਵੇਂ ਪੜਾਅ ਦੀ ਖੋਜ ਕਰੋ! ਇਸ ਸ਼ਾਂਤਮਈ ਐਨਕਲੇਵ ਵਿੱਚ ਵਾਕਆਊਟ ਲਾਟ, **ਇੱਕ ਭਵਿੱਖੀ ਸਕੂਲ ਸਾਈਟ, ਵਿਸ਼ਾਲ ਖੇਡ ਦੇ ਮੈਦਾਨ**, ਅਤੇ ਬਾਹਰ ਦਾ ਆਨੰਦ ਲੈਣ ਲਈ ਹਰੇ ਭਰੇ ਖੇਤਰ ਹਨ। ਵਿਸ਼ਾਲ ਭਾਈਚਾਰੇ ਵਿੱਚ 3 **ਖੇਡ ਦੇ ਮੈਦਾਨ, ਇੱਕ ਸੁਰੱਖਿਅਤ ਅਤੇ ਸੁੰਦਰ ਮਾਰਗ ਪ੍ਰਣਾਲੀ,** ਅਤੇ ਪਰਿਵਾਰ ਅਤੇ ਦੋਸਤਾਂ ਨਾਲ ਇਕੱਠੇ ਹੋਣ ਲਈ ਹੋਰ ਵੀ ਹਰੀ ਜਗ੍ਹਾ ਹੈ।

ਐੈਂਬਲਟਨ ਦੇ ਅੰਤਿਮ ਪੜਾਅ ਵਿੱਚ ਇੱਕ ਚੰਗੀ ਤਰ੍ਹਾਂ ਸਥਾਪਿਤ ਭਾਈਚਾਰੇ ਦੀਆਂ ਸਾਰੀਆਂ ਸਹੂਲਤਾਂ ਦੇ ਵਿਚਕਾਰ ਆਪਣਾ ਸੰਪੂਰਨ ਘਰ ਲੱਭੋ!

**liveinambleton.com**

- Sterling Homes
- Jayman BUILT
- Trico Homes
- Shane Homes
- Broadview Homes

Front Garage
FROM THE MID
$700s

Laned Homes
FROM THE HIGH
$500s

Ambleton
A Qualico Community

QUALICO communities
WE CREATE LEGACY COMMUNITIES THAT **INSPIRE PRIDE, ENRICH LIVES** AND **ENDURE IN VALUE.**

## Bains Vision Centre



ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡ ਐਨਕਾਂ ਵੀ ਮਿਲਦੀਆਂ ਹਨ

**Dr.Jaswinder S Bains**
Ph.D., OD.
**Tel: 403-274-4514**
Fax: 403-274-4680
5218 Falsbridge Dr NE Calgary AB T3J 3G1

## ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ



ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।

Specialist In:
All Type of Residential & Commercial Woodwork
Interior Finishing: Kitchen Cabinets:
Railing & Decorating

*Manpreet Thind*
*Ph: (403) 455-1000*
www.perfectfinishing.ca

Perfect Finishing Corp.
NewStar Cabinets Ltd.
3341 19 St NE Calgary AB T2E 6S8

## Sidhu Accounting & Financial Services



*Accounting Services*
- Personal Tax Returns
- Corporate Tax Returns
- Computerized Bookkeeping
- T4's
- Record of Employment

*Financial Services*
- RRSP
- Life Insurance
  - Term Life
  - Universal Life
- Critical Illness Insurance
- Segregated Funds

IQBAL SIDHU
(403) 568-2667

ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਊਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।

#202, 4656 Weswinds Drive NE. Calgary AB T3J 3Z5

## Asia Pacific Immigration Consulting Ltd.

ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ



**ਇਮੀਗ੍ਰੇਸ਼ਨ ਸੇਵਾਵਾਂ**
- ਮਾਪਿਆਂ ਲਈ ਸੁਪਰ ਵੀਜ਼ਾ
- ਪਰਿਵਾਰਕ ਸਪਾਂਸਰਸ਼ਿਪ
- ਐਲ ਐਮ ਓ ਐਪਲੀਕੇਸ਼ਨ
- ਵਰਕ ਪਰਮਿਟ
- ਰੱਦ ਕੀਤੇ ਕੇਸਾਂ ਵਾਸਤੇ ਅਪੀਲ

*Maninder S. Dhillon*
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001

iccrc crcic
Call for an appointment
**403-225-1111**
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca

## Delta-A Stucco Ltd.

All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com

## NORTHEAST AUTOMOTIVE



Bring your vehicle into NorthEast Automotive and be on smoother, stress free roads

*First Choice for Engine Repair*

ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।

Contact:
DEEP
4205-17 Ave SE
Calgary (AB)

Fax: 403 313 9993
Email: deep@neauto.ca

www.neauto.ca Ph. 403-263-1000, 403-250-7038

# ਹੁਣ ਘਰ ਬੈਠਿਆਂ ਨਹੀਂ ਸਰਨਾ,ਕੰਮ ਉੱਪਰ ਫੁੱਲ ਟਾਈਮ ਹੀ ਆਉਣਾ ਪਊ!

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਓਂਟਾਰੀਓ ਦੇ ਸਰਕਾਰੀ ਅਧਿਕਾਰੀ ਅਤੇ ਕਰਮਚਾਰੀ ਹੁਣ ਆਪਣੇ ਕੰਮਾਂ ਤੇ ਫੁੱਲ ਟਾਈਮ ਹਾਜ਼ਰ ਹੋਣਗੇ ਸੂਬਾ ਸਰਕਾਰ ਵੱਲੋਂ ਐਲਾਨ ਕੀਤਾ ਗਿਆ ਹੈ ਕਿ 5 ਜਨਵਰੀ ਤੋਂ ਸਾਰੇ ਸਰਕਾਰੀ ਕਰਮਚਾਰੀ ਫੁਲ ਟਾਈਮ ਕੰਮਾਂ ਤੇ ਪਰਤਣਗੇ ਇਸ ਸਬੰਧੀ ਐਲਾਨ ਕਰਦਿਆਂ ਓਂਟਾਰੀਓ ਦੇ ਪ੍ਰੀਮੀਅਰ ਡਗਫੋਰਡ ਨੇ ਆਖਿਆ ਹੈ ਕਿ ਇਸ ਵਕਤ ਜਿੰਨੇ ਵੀ ਸਰਕਾਰੀ ਕਰਮਚਾਰੀ ਹਨ ਉਨਾਂ ਚੋਂ ਅੱਧੇ ਤਾਂ ਹੁਣੇ ਹੀ ਫੁੱਲ ਟਾਈਮ ਲੋੜੀਦੇ ਹਨ ਇਸ ਤੋਂ ਇਲਾਵਾ ਜਿਹੜੇ ਕਰਮਚਾਰੀ ਹਫਤੇ ਵਿੱਚ ਤਿੰਨ ਦਿਨ ਆਪਣੇ ਕੰਮਾਂ ਤੇ ਆ ਰਹੇ ਹਨ ਉਹਨਾਂ ਨੂੰ 20 ਅਕਤੂਬਰ ਤੋਂ ਚਾਰ ਦਿਨ ਲਈ ਕੰਮ ਤੇ ਆਉਣਾ ਪਵੇਗਾ। ਬਿਆਨ ਵਿੱਚ ਇਹ ਵੀ ਆਖਿਆ ਗਿਆ ਹੈ ਕਿ ਸੂਬਾ ਸਰਕਾਰ ਵੱਲੋਂ ਇਹ ਕਦਮ ਇਸ ਕਾਰਨ ਪੁੱਟਿਆ ਜਾ ਰਿਹਾ ਹੈ ਤਾਂ ਕਿ ਮੌਜੂਦਾ ਹਾਲਾਤ ਦੇ ਵਿੱਚ ਸਰਕਾਰ ਦੇ ਕੰਮਕਾਰ ਹੋਰ ਜਿਆਦਾ ਸੁਚੱਜੇ ਢੰਗ ਨਾਲ ਚੱਲ ਸਕਣ। ਵਰਨਣ ਯੋਗ ਹੈ ਕਿ ਕਰੋਨਾ ਮਹਾਂਮਾਰੀ ਦੇ ਚਲਦਿਆਂ ਬਹੁਤ ਸਾਰੇ ਕਰਮਚਾਰੀ ਵਰਕ ਫਰੋਮ ਹੋਮ ਕਰ ਰਹੇ ਸਨ ਅਤੇ ਮਹਾਮਾਰੀ ਖਤਮ ਹੋਣ ਤੋਂ ਬਾਅਦ ਵੀ ਕਰਮਚਾਰੀ ਉਸੇ ਤਰ੍ਹਾਂ ਕੰਮ ਕਰਨ ਦੀ ਇੱਛਾ ਰੱਖ ਰਹੇ ਹਨ ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਬਹੁਤ ਸਾਰੀਆਂ ਕੰਪਨੀਆਂ ਜਿੰਨਾਂ ਵਿੱਚ ਵੱਡੇ ਬੈਂਕ ਵੀ ਸ਼ਾਮਿਲ ਹਨ ਵੱਲੋਂ ਆਪਣੇ ਕਰਮਚਾਰੀਆਂ ਨੂੰ ਵਾਪਸ ਦਫਤਰਾਂ ਵਿੱਚ ਫੁੱਲ ਟਾਈਮ ਲਈ ਬੁਲਾ ਲਿਆ ਗਿਆ ਹੈ।

## ਵਿਦੇਸ਼ੀ ਅਪਰਾਧੀਆਂ ਨੂੰ ਸਜ਼ਾ ਸੁਣਾਏ ਜਾਣ ਤੋਂ ਬਾਅਦ ਉਨ੍ਹਾਂ ਨੂੰ ਤੁਰੰਤ ਵਾਪਸ ਭੇਜ ਦਿੱਤਾ ਜਾਵੇਗਾ

ਯੂਕੇ (ਪੰਜਾਬੀ ਅਖ਼ਬਾਰ ਬਿਊਰੋ)-ਬਰਤਾਨੀਆਂ ਸਰਕਾਰ ਦੀ ਵਿਸਥਾਰਿਤ ਸੂਚੀ 'ਚ ਭਾਰਤ ਉਨ੍ਹਾਂ ਦੇਸ਼ਾਂ 'ਚ ਸ਼ਾਮਿਲ ਹੋ ਗਿਆ ਹੈ, ਜਿੱਥੇ ਵਿਦੇਸ਼ੀ ਅਪਰਾਧੀਆਂ ਨੂੰ ਸਜ਼ਾ ਸੁਣਾਏ ਜਾਣ ਤੋਂ ਬਾਅਦ ਉਨ੍ਹਾਂ ਨੂੰ ਤੁਰਤ ਵਾਪਸ ਭੇਜ ਦਿੱਤਾ ਜਾਵੇਗਾ। ਸਜ਼ਾ ਵਿਰੁੱਧ ਅਪੀਲ ਵੀ ਉਹ ਬਰਤਾਨੀਆਂ ਤੋਂ ਬਾਹਰ ਜਾ ਕੇ ਹੀ ਦਾਖ਼ਿਲ ਕਰ ਸਕਣਗੇ। ਬਰਤਾਨੀਆਂ ਦੇ ਗ੍ਰਹਿ ਮੰਤਰਾਲੇ ਨੇ ਇਕ ਐਲਾਨ ਵਿੱਚ ਪੁਸ਼ਟੀ ਕੀਤੀ ਕਿ ਉਸ ਦੀ 'ਦੇਸ਼ ਨਿਕਾਲਾ ਅਪੀਲ ਬਾਅਦ ਵਿੱਚ ਯੋਜਨਾ ਦਾ ਦਾਇਰਾ ਅੱਠ ਦੇਸ਼ਾਂ ਤੋਂ ਲਗਭਗ ਤਿੰਨ ਗੁਣਾ ਵਧਾ ਕੇ 23 ਕਰ ਦਿਤਾ ਜਾਵੇਗਾ ਅਤੇ ਇਨ੍ਹਾਂ ਦੇਸ਼ਾਂ ਦੇ ਵਿਦੇਸ਼ੀ ਨਾਗਰਿਕਾਂ ਨੂੰ ਉਨ੍ਹਾਂ ਦੇ ਦੇਸ਼ ਵਾਪਸ ਭੇਜ ਦਿਤਾ ਜਾਵੇਗਾ। ਜਿਨ੍ਹਾਂ ਵਿਦੇਸ਼ੀਆਂ ਨੇ ਆਪਣੇ ਮਨੁੱਖੀ ਅਧਿਕਾਰਾਂ ਦੇ ਦਾਅਵੇ ਨੂੰ ਰੱਦ ਕਰ ਦਿਤਾ ਹੈ, ਉਨ੍ਹਾਂ ਨੂੰ ਵੀਡੀਓ ਤਕਨਾਲੋਜੀ ਦੀ ਵਰਤੋਂ ਕਰਦਿਆਂ ਵਿਦੇਸ਼ਾਂ ਤੋਂ ਦੂਰ-ਦੁਰਾਡੇ ਆਪਣੀ ਯੂ ਕੇ ਅਪੀਲ ਸੁਣਵਾਈ ਵਿੱਚ ਹਿੱਸਾ ਲੈਣ ਦਾ ਮੌਕਾ ਮਿਲੇਗਾ। ਉਨ੍ਹਾਂ ਕਿਹਾ ਕਿ ਬਹੁਤ ਲੰਮੇ ਸਮੇਂ ਤੋਂ ਵਿਦੇਸ਼ੀ ਅਪਰਾਧੀ ਸਾਡੀ ਇਮੀਗ੍ਰੇਸ਼ਨ ਪ੍ਰਣਾਲੀ ਦਾ ਸੋਸ਼ਣ ਕਰ ਰਹੇ ਹਨ, ਮਹੀਨਿਆਂ ਜਾਂ ਸਾਲਾਂ ਤੋਂ ਬਰਤਾਨੀਆਂ ਵਿਚ ਰਹਿ ਰਹੇ ਹਨ ਜਦਕਿ ਉਨ੍ਹਾਂ ਦੀਆਂ ਅਪੀਲਾਂ ਜਾਰੀ ਰਹਿੰਦੀਆਂ ਹਨ।














# ਰੀਜਾਇਨਾ ਦਾ ਤੀਜਾ ਸਿੱਖ ਵਿਰਾਸਤੀ ਖੇਡ ਮੇਲਾ ਆਪਣੀਆਂ ਅਮਿੱਟ ਯਾਦਾਂ ਛੱਡਦਾ ਯਾਦਗਾਰੀ ਹੋ ਨਿਬੜਿਆ




















ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਰੀਜਾਇਨਾ ਸ਼ਹਿਰ ਵੱਲੋਂ ਪੂਰੀ ਸਿੱਖ ਕਮਿਊਨਿਟੀ ਤੇ ਗੁਰਦੁਆਰਾ ਸਿੱਖ ਸੁਸਾਇਟੀ ਦੀ ਪ੍ਰਬੰਧਕੀ ਕਮੇਟੀ ਦੇ ਸਹਿਯੋਗ ਨਾਲ ਤੀਸਰਾ ਸਿੱਖ ਵਿਰਾਸਤੀ ਖੇਡਾਂ ਦਾ ਬਹੁਤ ਸ਼ਾਨਦਾਰ ਮੇਲਾ ਕਰਵਾਇਆ ਗਿਆ ਜਿਸ ਵਿੱਚ ਪੰਜ ਸਾਲ ਦੀ ਉਮਰ ਦੇ ਬੱਚਿਆਂ ਤੋਂ ਲੈ ਕੇ ਸੱਤਰ ਤੋਂ ਅੱਸੀ ਸਾਲ ਦੇ ਬਜ਼ੁਰਗ ਨੇ ਭਾਗ ਲਿਆ। ਨਿੱਕੇ ਬੱਚੇ ਬੱਚੀਆਂ ਨੇ ਪੰਜਾਹ ਮੀਟਰ ਰੇਸਾਂ ਵਿੱਚ ਭਾਗ ਲਿਆ ਤੇ ਇਹਨਾਂ ਦੇ ਮੁਕਾਬਲੇ ਬਹੁਤ ਦਿਲ ਖਿਚਵੇ ਤੇ ਸ਼ਾਨਦਾਰ ਰਹੇ। ਨਾਲ ਹੀ ਜੇ ਬਜ਼ੁਰਗਾਂ ਦੀ ਗੱਲ ਕਰੀਏ ਤਾਂ ਉਹਨਾਂ ਨੇ ਆਪਣੀ ਜਵਾਨੀ ਚੇਤੇ ਕਰਦੇ ਹੋਏ ਬਹੁਤ ਹੁਮ ਹੁਮਾ ਕੇ ਇਸ ਖੇਡ ਮੇਲੇ ਵਿੱਚ ਵੱਖ ਵੱਖ ਖੇਡਾਂ ਵਿੱਚ ਸ਼ਿਰਕਤ ਕੀਤੀ। ਇਸ ਤੋਂ ਬਿਨਾ ਸ਼ਾਟਪੁੱਟ ਥਰੋ, ਰੱਸਾ ਕੱਸੀ ਦੇ ਮੁਕਾਬਲੇ ਬਹੁਤ ਦਿਲ ਖਿਚਵੇਂ ਹੋਏ। ਰੱਸਾ ਕੱਸਾਂ ਦੀਆਂ ਤਕਰੀਬਨ ਸਾਰੀਆਂ ਟੀਮਾਂ ਹੀ ਬਹੁਤ ਚੋਟੀ ਦੀਆਂ ਬਣੀਆਂ ਸੀ। ਪਰ ਐਲ ਐੱਸ ਟੋਇੰਗ ਕਲੱਬ ਦੇ ਚੋਬਰਾਂ ਨੇ ਲਗਾਤਾਰ ਛੇ ਮੈਚ ਖੇਡ ਕੇ ਚੜਦਾ ਪੰਜਾਬ ਟੀਮ ਨੂੰ ਫਾਈਨਲ ਵਿੱਚ ਹਰਾ ਕੇ ਸ਼ਾਨਦਾਰ ਗੋਲ਼ਡ ਮੈਡਲ ਹਾਸਲ ਕੀਤੇ। ਇਸਦੇ ਨਾਲ ਹੀ ਸੱਠ ਸਾਲ ਤੋਂ ਉੱਪਰ ਬਜ਼ੁਰਗਾਂ ਦੀ ਟੀਮ ਐਲ ਐੱਸ ਟੋਇੰਗ ਕਲੱਬ ਨੇ ਫ਼ਾਈਨਲ ਵਿੱਚ ਚੜਦਾ ਪੰਜਾਬ ਸੀਨੀਆਰ ਨੂੰ ਹਰਾ ਕੇ ਸ਼ਾਨਦਾਰ ਮੈਡਲ ਹਾਸਿਲ ਕੀਤੇ। ਇਸੇ ਤਰਾਂ ਸ਼ਾਟ ਪੁੱਟ ਥਰੋ ਵਿੱਚ ਪਹਿਲੇ ਦੂਜੇ ਤੀਜੇ ਵਾਲਿਆਂ ਨੂੰ ਸ਼ਾਨਦਾਰ ਮੈਡਲ ਦਿੱਤੇ ਗਏ। ਨਾਲ ਹੀ ਬੀਬੀਆਂ ਦੇ ਰੱਸਾ ਕੱਸੀ ਦੇ ਮੁਕਾਬਲੇ ਕਰਵਾਏ ਤੇ ਮਿਊਜ਼ਿਕ ਚੇਅਰ ਦੇ ਸ਼ਾਨਦਾਰ ਮੁਕਾਬਲੇ ਕਰਵਾਏ ਗਏ। ਖੇਡ ਮੇਲਾ ਤਕਰੀਬਨ ਛੇ ਵਜੇ ਦੇ ਕਰੀਬ ਸਮਾਮਤ ਹੋਇਆ ਅਤੇ ਇਸ ਖੇਡ ਮੇਲੇ ਲਈ ਸਾਰੀ ਕਮਿਊਨਿਟੀ ਨੇ ਬਹੁਤ ਸਹਿਯੋਗ ਦਿੱਤਾ।





MIDWEST DIESEL REPAIR INC.
Midwest Truck Parts
Gurprit Gill (Sony)
We Service all Makes of Semi Trucks and Trailers
ਸੈਮੀ ਟਰੱਕਾਂ ਅਤੇ ਟਰੇਲਰਾਂ ਦੇ ਐਕਸਲ ਸਪਿੰਡਲ ਵੀ ਰਿਪੇਅਰ ਕਰਦੇ ਹਾਂ
ਟਰੱਕਾਂ ਦੇ ਕਿਸੇ ਵੀ ਤਰ੍ਹਾਂ ਦੇ ਪਾਰਟਸ ਵਾਜਬ ਰੇਟ 'ਤੇ ਖਰੀਦਣ ਲਈ ਸੰਪਰਕ ਕਰੋ।
• Wheel Alignment • Differential • Rebuilt
• Engine-Transmission • Heating and Air Conditioning
1009 WELLINGS ROAD, REGINA, SK, S4K 0A2
ਰੀਜਾਇਨਾ ਵਿੱਚ ਪੰਜਾਬੀਆਂ ਦੀ ਟਰੱਕਾਂ ਦੇ ਪਾਰਟਸ ਦੀ ਪਹਿਲੀ ਦੁਕਾਨ
Ph. (306) 525 5077
Cell (306) 201 5870
Fax (306) 525 5075
www.midwestdieselrepair.ca Email:info@midwestdieselrepair.ca

CAM TRANSPORT
REGINA, SK
Currently Hiring Drivers and Owner Operators for Canada (Prairies) and USA Runs.
• Must Have-Clean Driver Abstract
• Clear Criminal Record
ਟਰੱਕ ਦਾ ਲਾਇਸੈਂਸ (Class 1A) ਲੈਣ ਵਿੱਚ ਵੀ ਮੱਦਦ ਕੀਤੀ ਜਾਂਦੀ ਹੈ
Cam Transport Offers:
• Great Pay, Steady Miles,
• Dedicated Work
• Dedicated trucks for drivers
• Every Weekend Home
• Excellent Equipments
• Paid Layover
Contact:
Kuldeep Romana 306 999 1800
Amrinder Sidhu 306 450 0453
Gurbinder Gagowal 306 520 4313
Office: 306 910-0100 Email: Info@camtransport.ca
1014 Kearns Cres Regina (SK) S4K 0A1

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL
Financial Advisor
403 909 4141

ONE-STOP TRUCK SALES
ਘੱਟ ਰੇਟ ਉੱਪਰ ਕੁੱਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
YOUR ONE STOP SHOP FOR TRUCK SALES AND FINANCING
ਵਨ-ਸਟਾਪ ਟਰੱਕ ਸੇਲਜ਼ ਵਾਲੇ ਹੀ ਤੁਹਾਨੂੰ ਬਣਾ ਸਕਦੇ ਹਨ ਹੈਵੀ ਡਿਊਟੀ ਟਰੱਕ ਟਰੇਲਰ, ਟਰੱਕ ਦੇ ਮਾਲਕ
Davinder Gill & Jatinder Gill
306 490 2205, 306 880 3869
56 Bryan Bay, Rosser, MB R3C 2E6
Office: 204-987-7300
Email: admin@onestoptrucksales.com
Mob. 204-396-5404

DENTRO CARRIERS LTD
REGINA, SK
HIRING OWNER OPERATOR NOW
ਓਨਰ ਅਪਰੇਟਰ ਅਤੇ ਟਰੱਕ ਡਰਾਈਵਰਾਂ ਦੀ ਲੋੜ ਹੈ।
• New Automatic Trucks
• City Work
• Long Haul US- Canada Runs
• Dedicated Runs
• Great Miles Rate
Referral Bonus
Health Benefits
LEASE TO OWNER OPERATOR PROGRAM
Ajitpal Singh
Tel: 306 751 4150 Mob: 306 201 7600
Fax: 306 757 7171
Email: dentrocarriersltd@gmail.com

# ਗਰਮੀਆਂ ਦੀ ਬੱਚਤ
## ਈਵੈਂਟ ਹੁਣ ਚਾਲੂ ਹੈ






SOUTH POINT
A MASTER PLANNED COMMUNITY

## ਨਵੇਂ ਮਾਡਰਨ
## ਡਬਲ ਫਰੰਟ ਗੈਰਾਜ
## ਵਾਲੇ ਘਰ
## ਹੁਣ ਵੇਚ ਰਹੇ ਹਾਂ

ਥੋੜੇ ਹੀ ਘਰ ਬਾਕੀ ਹਨ

ਸਾਡੇ ਸ਼ਾਨਦਾਰ ਫਰੰਟ-ਅਟੈਚਡ ਗੈਰੇਜ ਘਰਾਂ ਦੇ ਨਾਲ ਸਾਊਥ ਪੁਆਇੰਟ ਵਿੱਚ ਸਮਕਾਲੀ ਰਹਿਣ ਦਾ ਅਨੁਭਵ ਕਰੋ। ਸੋਚ-ਸਮਝ ਕੇ ਡਿਜ਼ਾਈਨ ਕੀਤੇ ਗਏ, ਇਹ ਘਰ ਸ਼ੈਲੀ ਅਤੇ ਕਾਰਜਸ਼ੀਲਤਾ ਨੂੰ ਜੋੜਦੇ ਹਨ, ਜਿਸ ਵਿੱਚ ਸ਼ਾਮਲ ਹਨ:

- ਖੁੱਲ੍ਹੇ-ਸੰਕਲਪ ਵਾਲੇ ਲੇਆਉਟ
- ਸ਼ਾਨਦਾਰ ਫਿਨਿਸ਼
- ਪਰਿਵਾਰਾਂ ਲਈ ਸੰਪੂਰਨ ਵਿਸ਼ਾਲ ਅੰਦਰੂਨੀ ਹਿੱਸੇ

ਜੁੜਵੇਂ ਗੈਰਾਜ ਇੱਕ ਸ਼ਾਨਦਾਰ ਸੁੱਖ-ਸਹੂਲਤ ਅਤੇ ਆਧੁਨਿਕ ਬਾਹਰੀ ਦਿੱਖ ਪ੍ਰਦਾਨ ਕਰਦੇ ਹਨ। ਨੇੜਲੇ ਪਾਰਕਾਂ, ਸਕੂਲਾਂ ਅਤੇ ਖਰੀਦਦਾਰੀ ਵਾਲੇ ਇੱਕ ਜੀਵੰਤ ਭਾਈਚਾਰੇ ਵਿੱਚ ਸਥਿਤ, ਇਹ ਘਰ ਆਰਾਮ ਅਤੇ ਪਹੁੰਚਯੋਗਤਾ ਦਾ ਸੰਪੂਰਨ ਮਿਸ਼ਰਣ ਪ੍ਰਦਾਨ ਕਰਦੇ ਹਨ।

ਹੋਰ ਜਾਣਕਾਰੀ ਲਈ ਰਜਿਸਟਰ ਕਰੋ:
VESTASOUTHPOINT.COM

VESTA PROPERTIES

Built by Vesta – Over 7,000 homes delivered across Alberta and BC.
Renderings are an artist's conception and are intended as a general reference only.

1601-201 Cooperswood Green SW, Airdrie
587.674.3438 | southpoint@vestaproperties.com



BHINDER EXTERIORS LTD.
BHINDER EXTERIOR
ਕੁਦਰਤ ਦੀ ਗੜੇਮਾਰੀ ਕਾਰਣ ਘਰਾਂ ਦੇ ਹੋਏ ਨੁਕਸਾਨ ਦਾ ਹੁਣ ਕੀ ਕਰੀਏ ?
ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।
ਹੁਣ ਤੁਸੀਂ ਸਾਈਡਿੰਗ ਚੇਂਜ ਕਰਕੇ ਸਟੱਕੋ ਵੀ ਕਰਵਾ ਸਕਦੇ ਹੋ
ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ ਹੀ ਡੀਲ ਕਰਕੇ ਤੁਹਾਡੇ ਘਰ ਨੂੰ ਪਹਿਲਾਂ ਨਾਲੋਂ ਵੀ ਸੋਹਣਾ ਅਤੇ ਨਵਾਂ ਨਕੋਰ ਬਣਾ ਦੇਣਗੇ।
* ਸਾਨੂੰ ਵਰਕਰਾਂ ਦੀ ਲੋੜ ਹੈ
All kind of Exterior Service
* Siding * Soffit
* Fascia * Cedar
* Smart Board
* Paper Wire
* Stucco & Roofing
* Eavestrough
FREE Estimate
Call: 403 680 0436
Email: sandeeptoor72@gmail.com




Vermilion Hill
New Phase Now Selling
ਸਾਊਥ ਵੈਸਟ ਕੈਲਗਰੀ ਵਿੱਚ ਨਵਾਂ ਨਕੋਰ ਭਾਈਚਾਰਾ
ਵਰਮਿਲੀਅਨ ਹਿੱਲ ਦੇ ਫੇਜ਼ 4 ਵਿੱਚ ਦਿਲਚਸਪ ਘਰੇਲੂ ਵਿਕਲਪ ਹਨ ਭਵਿੱਖ ਦੇ ਸਕੂਲ ਸਾਈਟ ਦੇ ਨਾਲ ਲੱਗਦੇ ਖੇਡ ਦੇ ਮੈਦਾਨਾਂ ਵਿੱਚ ਚੁਣੇ ਹੋਏ ਲਾਟ ਹਨ। ਇਸ ਸ਼ਾਨਦਾਰ ਸਾਊਥ-ਵੈਸਟ ਭਾਈਚਾਰੇ ਵਿੱਚ ਆਪਣੇ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਨਵੇਂ ਸ਼ੋਅ ਹੋਮਾਂ ਵਿੱਚੋਂ ਇੱਕ 'ਤੇ ਜਾਓ ਜੋ ਕੈਲਗਰੀ ਦੇ ਸ਼ਹਿਰ ਅਤੇ ਰੌਕੀ ਪਹਾੜਾਂ ਦੇ ਸ਼ਾਨਦਾਰ ਦ੍ਰਿਸ਼ ਪੇਸ਼ ਕਰਦਾ ਹੈ।
ਟਾਊਨ ਹੋਮਜ From the Mid $500s
ਲੇਨਡ ਹੋਮਜ From the Low $600s
ਫਰੰਟ ਗੈਰਾਜ ਹੋਮਜ From the Mid $700s
Award-Winning Builders
• NuVista Homes • Genesis Builders • Shane Homes
• Homes by Avi • Sterling Homes • Broadview Homes
ਆਪਣੀ ਲਾਟ ਚੁੱਣੋ!
liveinvermilionhill.com
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities




ਚੈਸਟਰਮੀਅਰ ਵਿੱਚ ਅਜਿਹਾ ਭਾਈਚਾਰਾ ਜਿੱਥੇ ਤੁਹਾਨੂੰ ਆਪਣਾ ਘਰ ਕਹਿਣ 'ਤੇ ਮਾਣ ਹੋਵੇਗਾ
ਝੀਲ ਦੇ ਕਿਨਾਰੇ ਸਥਿੱਤ ਸ਼ਹਿਰ ਚੈਸਟਰਮੇਰ ਵਿੱਚ, ਡਾਸਨਜ਼ ਲੈਂਡਿੰਗ ਇੱਕ ਸਥਾਪਿਤ ਭਾਈਚਾਰਾ ਹੈ ਜੋ ਸਕੂਲਾਂ, ਪਾਰਕਾਂ, ਖਰੀਦਦਾਰੀ ਅਤੇ ਹੋਰ ਬਹੁਤ ਕੁੱਝ ਤੱਕ ਪਹੁੰਚ ਪ੍ਰਦਾਨ ਕਰਦਾ ਹੈ। ਭਾਈਚਾਰੇ ਦੇ 5 ਪਾਰਕਾਂ ਵਿੱਚੋਂ ਇੱਕ ਵਿੱਚ ਦੋਸਤਾਂ ਨਾਲ ਇਕੱਠੇ ਹੋਵੋ, ਖੇਡ ਦੇ ਮੈਦਾਨ ਵਿੱਚ ਇੱਕ ਦੁਪਹਿਰ ਬਿਤਾਓ, ਬਾਸਕਟਬਾਲ ਪੈਡ 'ਤੇ ਕੁੱਝ ਹੂਪਸ ਸ਼ੂਟ ਕਰੋ, ਜਾਂ ਸੁੰਦਰ ਮਾਰਗ ਪ੍ਰਣਾਲੀ ਦੇ ਨਾਲ ਸੈਰ ਕਰੋ। ਨੇੜਲੇ ਭਵਿੱਖ ਲਈ ਯੋਜਨਾਬੱਧ ਇੱਕ ਡੌਗ ਪਾਰਕ ਅਤੇ ਈਕੋ ਪਾਰਕ ਦੇ ਨਾਲ, ਡਾਸਨਜ਼ ਲੈਂਡਿੰਗ ਸੱਚਮੁੱਚ ਆਰਾਮ ਅਤੇ ਸਹੂਲਤ ਦਾ ਸੰਪੂਰਨ ਸੁਮੇਲ ਪੇਸ਼ ਕਰਦਾ ਹੈ।
• Broadview Homes • Sterling Homes • NuVista Homes
• Truman Homes • Trico Homes • Genesis Builders
DAWSON'S LANDING CHESTERMERE
ਬੰਗਲੋ ਘਰ
ਫਰੰਟ ਗੈਰਾਜ ਡੁਪਲੈਕਸ
ਸਿੰਗਲ ਫਰੰਟ ਗੈਰਾਜ ਘਰ
Introducing Semi-Estates
/ Wide Lots* / Triple Garages / Walkout Homes / Mountain Views
liveindawsonslanding.ca
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities




PAINTED SKY LANGDON
ਲੈਂਗਡਨ ਦੇ ਪ੍ਰੇਰੀ ਹੈਮਲੇਟ ਵਿੱਚ ਜੀ ਆਇਆਂ ਨੂੰ
ਨਵੀਆਂ ਸਹੂਲਤਾਂ ਸੌਖਾਲਿਆਂ ਹੀ ਲਵੋ
ਪੇਂਟਿਡ ਸਕਾਈ ਕਮਿਉਨਿਟੀ ਵਿੱਚ ਤੁਹਾਡਾ ਸਵਾਗਤ ਹੈ,ਲੈਂਗਡਨ ਦੇ ਪ੍ਰੇਰੀ ਹੈਮਲੇਟ ਵਿੱਚ ਇੱਕ ਜੀਵੰਤ ਭਾਈਚਾਰਾ,ਜਿੱਥੇ ਛੋਟੇ ਸਹਿਰ ਦਾ ਸੁਹਜ ਆਧੁਨਿਕ ਸਹੂਲਤਾਂ ਨੂੰ ਪੂਰਾ ਕਰਦਾ ਹੈ। ਕੈਲਗਰੀ ਤੋਂ ਸਿਰਫ 20 ਮਿੰਟ ਦੀ ਦੂਰੀ ਉੱਪਰ ਪੇਂਟਿਡ ਸਕਾਈ ਪਰਿਵਾਰਾਂ ਲਈ ਡਿਜ਼ਇਨ ਕੀਤੇ ਗਏ ਵਿਸ਼ਾਲ ਘਰ ਪੇਸ਼ ਕਰਦਾ ਹੈ। ਪੇਂਟਿਡ ਸਕਾਈ ਵਿਖੇ ਜਗ੍ਹਾ,ਭਾਈਚਾਰੇ ਅਤੇ ਸਹੂਲਤਾਂ ਦੇ ਸੰਪੂਰਨ ਸੰਤੁਲਨ ਦੀ ਖੋਜ ਕਰੋ।
ਜਲਦੀ ਆ ਰਿਹਾ ਹੈ!
ਖੇਡ ਮੈਦਾਨ,ਪਰਿਵਾਰਾਂ ਲਈ ਮਜ਼ੇਦਾਰ ਜਗ੍ਹਾ ਵਾਲੀ ਪਹਿਲੀ ਕਮਿਊਨਿਟੀ
ਆਈ ਜੀ ਏ, ਡੌਲਰਾਮਾ,ਮੈਕਡੌਨਲਡ ਅਤੇ ਹੋਰ ਬਹੁਤ ਨਵੀਆਂ ਸਹੂਲਤਾਂ
ਤੁਹਾਡੇ ਨਵੇਂ ਘਰ ਤੋਂ ਸਾਰਾ ਕੁੱਝ ਤੁਹਾਡੀ ਪੈਦਲ ਪਹੁੰਚ ਵਿੱਚ
ਫਰੰਟ ਗੈਰਾਜ ਹੋਮਜ ਫਰੌਮ ਦੀ ਮਿਡ $700s
ਬੰਗਲੋਅ ਹੋਮਜ ਫਰੌਮ ਦੀ ਲੋਅ $700s
ਆਓ ਦੇਖੋ paintedskyinlangdon.com
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities